# ਅਖਿਆਇ 4

# ਨਹਮਯਾਹ ਦਾ ਵਿਰੋਧ ਬਾਹਰ ਤੋਂ

ਅਧਿਆਇ 4 ਵਿਚ, ਨਹਮਯਾਹ ਨੇ ਉਨ੍ਹਾਂ ਵੱਲੋਂ ਯਰੂਸ਼ਲਮ ਦੀਆਂ ਕੰਧਾਂ ਬਣਾਏ ਜਾਣ 'ਤੇ ਆਪਣੇ ਗੁਆਂਢੀਆਂ ਵੱਲੋਂ ਯਹੂਦੀਆਂ ਦਾ ਵਿਰੋਧ ਕੀਤੇ ਜਾਣ ਦਾ ਵਰਣਨ ਕੀਤਾ। ਵਿਰੋਧ ਜਿਹੜਾ ਸਨਬੱਲਟ ਅਤੇ ਟੋਬੀਯਾਹ ਨਾਲ ਸ਼ੁਰੂ ਹੋਇਆ ਸੀ, ਪਰ ਉਸ ਵਿਚ ਸਾਮਰੀ, ਅਰਬੀ, ਅੰਮੋਨੀ, ਅਤੇ ਅਸ਼ਦੋਦੀ ਵੀ ਰਲ਼ ਗਏ। ਸਭ ਤੋਂ ਪਹਿਲਾਂ ਯਹੂਦਾਹ ਦੇ ਦੁਸ਼ਮਣਾਂ ਨੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਮਜ਼ਾਕ ਉਡਾਇਆ (4:1–3)। ਫਿਰ ਉਨ੍ਹਾਂ ਨੇ ਹਮਲਾ ਕਰਨ ਦੀ ਧਮਕੀ ਦਿੱਤੀ (4:7, 8)। ਨਹਮਯਾਹ ਉਨ੍ਹਾਂ ਦੇ ਮਜ਼ਾਕ ਜਾਂ ਉਨ੍ਹਾਂ ਦੀਆਂ ਧਮਕੀਆਂ ਤੋਂ ਡਰਿਆ ਨਹੀਂ। ਇਸ ਦੇ ਇਲਾਵਾ ਦੁਸ਼ਮਣ ਨੇ ਅਚਾਨਕ ਹਮਲੇ ਦੀ ਯੋਜਨਾ ਬਣਾਈ (4:11)। ਲੋਕਾਂ ਦੀ ਉਨ੍ਹਾਂ ਦੇ ਦੁਸ਼ਮਣਾਂ ਤੋਂ ਰੱਖਿਆ ਲਈ ਨਹਮਯਾਹ ਦੁਆ ਵਿਚ ਖ਼ੁਦਾ ਅੱਗੇ ਗਿਆ ਅਤੇ ਉਸਨੇ ਲੋੜੀਂਦੇ ਕਦਮ ਚੁੱਕੇ।

## ਕੰਮ ਦਾ ਮਜ਼ਾਕ ਉਡਾਇਆ ਜਾਣਾ (4:1-6)[1]

### ਦੁਸ਼ਮਣਾਂ ਦੀ ਯੋਜਨਾ (4:1-3)

**[1]ਤਾਂ ਐਉਂ ਹੋਇਆ ਕਿ ਜਦ ਸਨਬੱਲਟ ਨੇ ਸੁਣਿਆ ਕਿ ਅਸੀਂ ਕੰਧ ਨੂੰ ਬਣਾਉਂਦੇ ਹਾਂ ਤਾਂ ਉਹ ਨੂੰ ਗੁੱਸਾ ਚੜ੍ਹਿਆ ਅਤੇ ਬਹੁਤ ਨਰਾਜ਼ ਹੋਇਆ ਅਤੇ ਯਹੂਦੀਆਂ ਨੂੰ ਠੱਠੇ ਕੀਤੇ [2]ਅਤੇ ਉਹ ਨੇ ਆਪਣੇ ਭਰਾਵਾਂ ਅਤੇ ਸਾਮਰਿਯਾ ਦੇ ਲਸ਼ਕਰ ਦੇ ਅੱਗੇ ਆਖਿਆ ਕਿ ਇਹ ਹੁਟੇ ਹੋਏ ਯਹੂਦੀ ਕੀ ਕਰਦੇ ਹਨ? ਕੀ ਓਹ ਆਪਣੇ ਲਈ ਮੋਰਚੇ ਬਣਾ ਰਹੇ ਹਨ? ਕੀ ਓਹ ਬਲੀ ਚੜ੍ਹਾਉਣਗੇ? ਕੀ ਓਹ ਇੱਕੋ ਹੀ ਦਿਨ ਸਭ ਕੁੱਝ ਬਣਾ ਲੈਣਗੇ? ਕੀ ਓਹ ਪੱਥਰਾਂ ਨੂੰ ਕੂੜੇ ਦੇ ਸੜੇ ਹੋਏ ਢੇਰਾਂ ਵਿੱਚੋਂ ਚੁੱਗ ਕੇ ਫੇਰ ਨਵੇਂ ਬਣਾ ਲੈਣਗੇ? [3]ਤਾਂ ਟੋਬੀਯਾਹ ਅੰਮੋਨੀ ਨੇ ਜਿਹੜਾ ਉਹ ਦੇ ਕੋਲ ਸੀ ਆਖਿਆ ਕਿ ਇਹ ਜੋ ਬਣਾਉਂਦੇ ਹਨ ਜੇ ਇਕ ਲੂਮੜੀ ਇਹ ਦੇ ਉੱਤੇ ਚੜ੍ਹ ਜਾਵੇ ਤਾਂ ਪੱਥਰਾਂ ਦੀ ਇਸ ਕੰਧ ਨੂੰ ਢਾਹ ਦੇਵੇਗੀ !**

**ਆਇਤਾਂ 1, 2.** ਸਾਫ਼ ਹੈ ਕਿ **ਸਨਬੱਲਟ** ਯਰੂਸ਼ਲਮ ਦੇ ਨੇੜੇ–ਤੇੜੇ ਨਹੀਂ ਰਹਿੰਦਾ ਸੀ; ਉਹ **ਸਾਮਰੀਆ** ਦਾ ਹਾਕਮ (ਗਵਰਨਰ) ਸੀ (2:10 ਤੇ ਟਿੱਪਣੀਆਂ ਵੇਖੋ)। ਹੋਰਨਾਂ ਲੋਕਾਂ ਨੇ ਉਹ ਨੂੰ ਸ਼ਹਿਰ ਦੀ **ਕੰਧ** ਦੇ ਫੇਰ ਤੋਂ ਬਣਾਏ ਜਾਣ ਦੀਆਂ ਯਹੂਦੀਆਂ ਦੀਆਂ ਕੋਸ਼ਿਸ਼ਾਂ ਦੀ ਖ਼ਬਰ ਪਹੁੰਚਾਈ। ਪਰ 4:5 ਇਹ ਸੁਝਾਅ ਦਿੰਦਾ ਹੈ ਕਿ ਜਦ ਸਨਬੱਲਟ ਨੇ ਉਹ ਸਭ ਸੁਣਿਆ ਜੋ ਯਹੂਦੀ ਕਰ ਰਹੇ ਸਨ ਤਾਂ ਉਹ ਆਪ ਵੇਖਣ ਗਿਆ ਕਿ ਕੀ ਚੱਲ ਰਿਹਾ ਹੈ।

ਸਨਬੱਲਟ ਦੇ ਨਾਲ ਹੋਰਨਾਂ ਸਾਮਰੀਆਂ ਦੀ ਇਕ ਟੁਕੜੀ ਵੀ ਸੀ ਜਿਸ ਵਿਚ ਉਹਦੇ **ਆਪਣੇ ਭਰਾ**, ਜਾਂ ਸਾਥੀ ਸਾਮਰੀ ਅਤੇ **ਲਸ਼ਕਰ** (ਜਾਂ ''ਦੌਲਤਮੰਦ ਲੋਕ''; NASB) ਜਾਂ ''ਫ਼ੌਜ'' (NIV) ਸਨ। ਇੱਥੇ ਵਰਤੇ ਗਏ ਇਬਰਾਨੀ ਸ਼ਬਦ (*chayil, ਖਾਇਲ*) ਦਾ ਅਰਥ ''ਤਾਕਤ,'' ''ਦੌਲਤ'' ਜਾਂ ''ਫ਼ੌਜ'' ਹੋ ਸਕਦਾ ਹੈ।[2]

ਸਨਬੱਲਟ ਨੇ ਉਸ ਤੋਂ ਜੋ ਉਸਨੇ ਵੇਖਿਆ ਸੀ, ਨਾਰਾਜ਼ ਹੋ ਕੇ ਓਸੇ ਵੇਲੇ ਆਪਣੇ ਨਾਲ ਆਏ

ਲੋਕਾਂ ਨਾਲ ਅਤੇ ਕੰਧ ਤੇ ਕੰਮ ਕਰ ਲੋਕਾਂ ਦੇ ਸੁਣਦਿਆਂ ਗੱਲ ਕੀਤੀ। ਆਇਤ 5 ਦੱਸਦੀ ਹੈ ਕਿ ''ਉਨ੍ਹਾਂ ਨੇ ... ਕਹਿਰ ਨੂੰ ਕਾਰੀਗਰਾਂ ਦੇ ਅੱਗੇ ਭੜਕਾਇਆ।'' ਇੱਥੇ ਸਨਬੱਲਟ ਦੀ ਉਸ ਸਕਾਰਾਤਮਕ ਪ੍ਰਤੀਕਿਰਿਆ ਦੀ ਜਿਸਦੀ ਝਲਕ 2:10, 19 ਵਿਚ ਮਿਲਦੀ ਹੈ, ਵਿਆਖਿਆ ਨਹੀਂ ਕੀਤੀ ਗਈ। ਜਿਵੇਂ ਕਿ ਅਧਿਆਇ 2 ਤੇ ਟਿੱਪਣੀਆਂ ਵਿਚ ਸੁਝਾਅ ਦਿੱਤਾ ਗਿਆ ਹੈ, ਯਰੂਸ਼ਲਮ ਦੀ ਹਾਲਤ ਵਿਚ ਕਿਸੇ ਤਰ੍ਹਾਂ ਦਾ ਵੀ ਸੁਧਾਰ ਉਸ ਦੀ ਆਪਣੀ ਸੱਤਾ ਅਤੇ ਸਾਖ ਲਈ ਖ਼ਤਰਾ ਹੋਣਾ ਸੀ।

ਸਨਬੱਲਟ ਨੇ ਖ਼ਤਰੇ ਤੇ ਪ੍ਰਤੀਕਿਰਿਆ ਮਜ਼ਾਕ ਨਾਲ ਦਿੱਤੀ। ਉਸ ਨੇ ਇਹ ਆਖ ਕੇ ਕਿ ਇਹ ਲੋਕ ਐਨੇ **ਹੁਟੇ ਹੋਏ** ਸਨ ਕਿ ਆਪਣੇ ਆਪ ਕੰਮ ਪੂਰਾ ਨਹੀਂ ਕਰ ਸਕਦੇ, **ਯਹੂਦੀਆਂ ਨੂੰ** ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ **ਠੱਠੇ ਕੀਤੇ**। ਉਸ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦਾ ਮਤਲਬ ਇਹ ਸੀ ਕਿ ਉਹ **ਬਲੀ ਚੜ੍ਹਾ** ਨਹੀਂ ਸਕਦੇ ਸਨ ਕਿਉਂ ਜੋ ਉਨ੍ਹਾਂ ਨੇ ਕਦੇ **ਬਣਾ** ਹੀ ਨਹੀਂ ਸਕਣਾ ਸੀ। ਇਸ ਭਾਸ਼ਾ ਦੀ ਇਕ ਹੋਰ ਵਿਆਖਿਆ ਡੇਰੇਕ ਕਿਡਨਰ ਵੱਲੋਂ ਸੁਝਾਈ ਗਈ ਹੈ: ''*ਭਲਾ ਉਹ ਕੁਰਬਾਨੀ ਦੇਣਗੇ?* ਦੀ ਗੱਲ ਸੰਭਵ ਤੌਰ ਤੇ ਇਹ ਹੈ ਕਿ ਭਲਾ ਇਹ ਹਠਧਰਮੀ ਕੰਧ ਉੱਚੀ ਕਰਨ ਲਈ *ਦੁਆ* ਕਰਨਗੇ?''[3] ਸਨਬੱਲਟ ਨੇ ਸਨਦ ਕੀਤਾ, **ਕੀ ਓਹ ਪੱਥਰਾਂ ਨੂੰ ਕੂੜੇ ਦੇ ਸੜੇ ਹੋਏ ਢੇਰਾਂ ਵਿੱਚੋਂ ਚੁੱਗ ਕੇ ਫੇਰ ਨਵੇਂ ਬਣਾ ਲੈਣਗੇ?** ਉਹਦੇ ਅੰਦਾਜ਼ੇ ਦੇ ਮੁਤਾਬਕ ਕੰਧ ਦਾ ਨੁਕਸਾਨ ਐਨਾ ਜ਼ਿਆਦਾ ਹੋ ਚੁੱਕਿਆ ਸੀ ਕਿ ਇਸ ਨੂੰ ਦੁਬਾਰਾ ਤੋਂ ਨਹੀਂ ਬਣਾਇਆ ਜਾ ਸਕਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਨਬੱਲਟ ਦਾ ਕਹਿਣਾ ਅੱਤਕਥਨੀ ਸੀ।

**ਆਇਤ 3. ਟੋਬੀਯਾਹ ਅੰਮੋਨੀ** (2:10 ਤੇ ਟਿੱਪਣੀਆਂ ਵੇਖੋ) ਮਜ਼ਾਕ ਕਰਨ ਵਿਚ ਉਨ੍ਹਾਂ ਦੇ ਨਾਲ ਰਲ ਗਿਆ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੀ ਖਿੱਲੀ ਉਡਾਈ ... **ਜੇ ਇਕ ਲੂਮੜੀ ਇਹ ਦੇ ਉੱਤੇ ਚੜ੍ਹ ਜਾਵੇ ਤਾਂ ਪੱਥਰਾਂ ਦੀ ਇਸ ਕੰਧ ਨੂੰ ਢਾਹ ਦੇਵੇਗੀ !** (ਵੇਖੋ ਵਿਰਲਾਪ 5:18; ਹਿਜ਼ਕੀਏਲ 13:4)।

### ਨਹਮਯਾਹ ਦਾ ਜਵਾਬ: ਦੁਆ ਅਤੇ ਕੰਮ (4:4-6)

**4ਹੇ ਸਾਡੇ ਪਰਮੇਸ਼ੁਰ, ਸਾਡੀ ਸੁਣ ਕਿਉਂ ਜੋ ਸਾਡੀ ਬੇਪਤੀ ਹੁੰਦੀ ਹੈ। ਇਸ ਨਿੰਦਿਆ ਨੂੰ ਮੁੜ ਉਨ੍ਹਾਂ ਦੇ ਸਿਰ ਉੱਤੇ ਪਾ ਅਤੇ ਅਸੀਰੀ ਦੇ ਦੇਸ ਵਿਚ ਉਨ੍ਹਾਂ ਨੂੰ ਲੁੱਟ ਦਾ ਮਾਲ ਬਣਾ 5ਅਤੇ ਉਨ੍ਹਾਂ ਦੀ ਬੁਰਿਆਈ ਨੂੰ ਨਾ ਢੱਕ ਅਤੇ ਉਨ੍ਹਾਂ ਦੇ ਪਾਪ ਨੂੰ ਆਪਣੇ ਅੱਗੋਂ ਨਾ ਮਿਟਾ, ਕਿਉਂ ਜੋ ਉਨ੍ਹਾਂ ਨੇ ਤੇਰੇ ਕਹਿਰ ਨੂੰ ਕਾਰੀਰਗਾਂ ਦੇ ਅੱਗੇ ਭੜਕਾਇਆ ਹੈ 6ਸੋ ਅਸੀਂ ਕੰਧ ਬਣਾਉਂਦੇ ਗਏ ਅਤੇ ਸਾਰੀ ਕੰਧ ਅੱਧ ਤੀਕ ਜੋੜੀ ਗਈ ਕਿਉਂ ਜੋ ਲੋਕ ਦਿਲ ਨਾਲ ਕੰਮ ਕਰਦੇ ਸਨ।**

**ਆਇਤਾਂ 4, 5.** ਸਨਬੱਲਟ ਦੇ ਵਿਰੋਧ ਤੇ ਨਹਮਯਾਹ ਦੀ ਪ੍ਰਤੀਕਿਰਿਆ ਯਹੋਵਾਹ ਦੇ ਸਾਹਮਣੇ ਮੁਸ਼ਕਿਲ ਰੱਖਣ ਨਾਲ ਵਿਖਾਈ ਗਈ ਕਿ **ਹੇ ਸਾਡੇ ਪਰਮੇਸ਼ੁਰ, ਸਾਡੀ ਸੁਣ ਕਿਉਂ ਜੋ ਸਾਡੀ ਬੇਪਤੀ ਹੁੰਦੀ ਹੈ !** ਜਦ ਉਸਨੇ ਆਖਿਆ, **ਇਸ ਨਿੰਦਿਆ ਨੂੰ ਮੁੜ ਉਨ੍ਹਾਂ ਦੇ ਸਿਰ ਉੱਤੇ ਪਾ ਅਤੇ ਅਸੀਰੀ ਦੇ ਦੇਸ ਵਿਚ ਉਨ੍ਹਾਂ ਨੂੰ ਲੁੱਟ ਦਾ ਮਾਲ ਬਣਾ** ਤਾਂ ਉਹ ਚਾਹ ਰਿਹਾ ਸੀ ਕਿ ਖ਼ੁਦਾ ਇਨ੍ਹਾਂ ਦੁਸ਼ਮਣਾਂ ਤੋਂ ਬਦਲਾ ਲਵੇ। ਉਸ ਨੇ ਖ਼ੁਦਾ ਤੋਂ ਇਹ ਵੀ ਮੰਗਿਆ ਕਿ **ਉਨ੍ਹਾਂ ਦੀ ਬੁਰਿਆਈ ਨੂੰ ਨਾ ਢੱਕ ਅਤੇ ਉਨ੍ਹਾਂ ਦੇ ਪਾਪ ਨੂੰ ਆਪਣੇ ਅੱਗੋਂ ਨਾ ਮਿਟਾ**। ਅਨੁਵਾਦ ਹੋਏ ਸ਼ਬਦ ''ਢੱਕ'' ਦਾ ਇਬਰਾਨੀ ਸ਼ਬਦ (*kasah*, *ਕਾਸਾਹ*) ਹੈ।

ਨਹਮਯਾਹ ਦੀ ਦੁਆ ਕਈ ਕਥਿਤ ਸਰਾਪ ਭਰੇ ਜ਼ਬੂਰਾਂ ਨਾਲ ਮਿਲਦੀ ਹੈ (ਉਦਾਹਰਣ ਲਈ ਵੇਖੋ, ਜ਼ਬੂਰਾਂ 79:4–12; 123:3, 4; 137:7–9)। ਨਾਲੇ ਕਈ ਹਵਾਲਿਆਂ ਵਿਚ ਨਬੀ ਨੇ ਖ਼ੁਦਾ ਨੂੰ ਇਸਰਾਏਲ ਦੇ ਦੁਸ਼ਮਣਾਂ ਨੂੰ ਜਾਂ ਉਨ੍ਹਾਂ ਨੂੰ ਜਿਹੜੇ ਉਨ੍ਹਾਂ ਦੇ ਖ਼ਿਲਾਫ਼ ਬੁਰਿਆਈ ਕਰਦੇ ਹਨ, ਬਰਬਾਦ ਕਰਨ ਲਈ ਆਖਿਆ (ਯਿਰਮਿਯਾਹ 11:18–20; 15:15; 17:18; 18:19–23)।

ਅਜਿਹੀਆਂ ਦੁਆਵਾਂ ਉਨ੍ਹਾਂ ਨੂੰ ਜਿਨ੍ਹਾਂ ਨੂੰ ਆਪਣੇ ''ਵੈਰੀਆਂ ਨਾਲ ਪਿਆਰ'' ਕਰਨਾ ਸਿਖਾਇਆ ਗਿਆ ਹੈ, ਅਜੀਬ ਲਗਦੀਆਂ ਹਨ (ਮੱਤੀ 5:44); ਪਰ ਯਹੂਦੀ ਲੋਕ ਖ਼ੁਦਾ ਦੇ ਲੋਕ ਸਨ ਇਸ ਕਰਕੇ ਉਨ੍ਹਾਂ ਦੇ ਵਿਰੁੱਧ ਲੜਨ ਦਾ ਮਤਲਬ ਖ਼ੁਦਾ ਦੇ ਵਿਰੁੱਧ ਲੜਨਾ ਹੈ। ਖ਼ੁਦਾ ਨੂੰ ਆਪਣੇ ਦੁਸ਼ਮਣਾਂ ਨੂੰ ਬਰਬਾਦ ਕਰਕੇ ਆਪਣੇ ਨਿਆਂ ਨੂੰ ਵਿਖਾਉਣ ਲਈ ਕਹਿਣਾ ਸਹੀ ਨਹੀਂ ਲਗਦਾ।[4]

ਯਹੂਦਾਹ ਦੇ ਦੁਸ਼ਮਣ ਸਜ਼ਾ ਦੇ ਹੱਕਦਾਰ ਸਨ **ਕਿਉਂ ਜੋ ਉਨ੍ਹਾਂ ਨੇ ਤੇਰੇ ਕਹਿਰ ਨੂੰ ਕਾਰੀਗਰਾਂ ਦੇ ਅੱਗੇ ਭੜਕਾਇਆ** ਸੀ।[5] ਸਾਫ਼ ਹੈ ਕਿ ਕੰਧ ਤੇ ਕੰਮ ਕਰਨ ਵਾਲਿਆਂ ਨੇ ਉਸ ਠੱਠੇ ਨੂੰ ਸੁਣਿਆ ਸੀ ਅਤੇ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਬੇਕਾਰ ਹਨ। ਸ਼ਾਇਦ ਕੁਝ ਲੋਕ ਛੱਡਣ ਲਈ ਤਿਆਰ ਸਨ। ਜੇ ਇਹ ਗੱਲ ਹੈ ਤਾਂ ਨਹਮਯਾਹ ਦੇ ਸ਼ਬਦਾਂ ਦੀ ਸ਼ਕਤੀ ਨੂੰ ਸਮਝਿਆ ਜਾ ਸਕਦਾ ਹੈ।

**ਆਇਤ 6.** ਨਹਮਯਾਹ ਦੇ ਰਵੱਈਏ ਨਾਲ ਮਿਸਤਰੀਆਂ ਦੀ ਜਾਨ 'ਚ ਜਾਨ ਆਈ। ਖ਼ੁਦਾ ਦੀ ਮਦਦ ਨਾਲ ਉਹ **ਕੰਧ ਬਣਾਉਂਦੇ ਗਏ** ਜਦ ਤਕ **ਅੱਧ ਤੀਕ** ਨਹੀਂ ਪੁੱਜ ਗਏ। ਨਹਮਯਾਹ ਨੇ ਇਸ ਪ੍ਰਾਪਤੀ ਦਾ ਸਿਹਰਾ **ਲੋਕਾਂ ਨੂੰ ਦਿੱਤਾ** ਕਿਉਂ ਜੋ ਉਸ ਨੇ ਆਖਿਆ ਕਿ ਉਨ੍ਹਾਂ ਨੇ ਇੰਜ ਕੀਤਾ ਕਿਉਂ ਜੋ ਉਹ **ਦਿਲ** ਜਾਂ ''ਮਨ'' (NASB) **ਨਾਲ ਕੰਮ ਕਰਦੇ ਸਨ**। ਨਹਮਯਾਹ ਇਕ ਵੱਡਾ ਲੀਡਰ ਸੀ, ਪਰ ਲੀਡਰ ਓਨਾਂ ਕੁ ਹੀ ਹਾਸਲ ਕਰ ਸਕਦੇ ਹਨ ਜਿੰਨ੍ਹਾਂ ਕੁ ਉਨ੍ਹਾਂ ਦੇ ਮਗਰ ਲੱਗਣ ਵਾਲੇ ਲੋਕ ਕਰਦੇ ਹਨ।

## ਜ਼ਬਰਦਸਤੀ ਕਰਨ ਦੀ ਧਮਕੀ (4:7-10)

**7ਤਾਂ ਐਉਂ ਹੋਇਆ ਕਿ ਸਨਬੱਲਟ, ਟੋਬੀਯਾਹ, ਅਰਬੀਆਂ, ਅੰਮੋਨੀਆਂ, ਅਤੇ ਅਸ਼ਦੋਦੀਆਂ ਨੇ ਸੁਣਿਆ ਕਿ ਯਰੂਸ਼ਲਮ ਦੀਆਂ ਕੰਧਾਂ ਦੀ ਮੁਰੰਮਤ ਹੁੰਦੀ ਜਾਂਦੀ ਹੈ ਅਤੇ ਉਨ੍ਹਾਂ ਦੇ ਖੱਪੇ ਮਿਲਦੇ ਜਾਂਦੇ ਹਨ ਤਾਂ ਓਹ ਬਹੁਤ ਸੜ ਭੁਜ ਗਏ 8ਤਾਂ ਉਨ੍ਹਾਂ ਸਾਰਿਆਂ ਨੇ ਇਕ ਮਨ ਹੋ ਕੇ ਮਤਾ ਪਕਾਇਆ ਕਿ ਆਓ, ਯਰੂਸ਼ਲਮ ਨਾਲ ਲੜੀਏ ਅਤੇ ਉਹ ਦੇ ਕੰਮਾਂ ਵਿਚ ਧਾਂਦਲ ਪਾ ਦੇਈਏ 9ਪਰ ਅਸੀਂ ਆਪਣੇ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦੇ ਰਹੇ ਅਤੇ ਉਨ੍ਹਾਂ ਦੇ ਕਾਰਣ ਆਪਣੇ ਲਈ ਦਿਨ ਰਾਤ ਉਨ੍ਹਾਂ ਦੇ ਵਿਰੁੱਧ ਪਹਿਰਾ ਖੜ੍ਹਾ ਕੀਤਾ 10ਤਾਂ ਯਹੂਦਾਹ ਨੇ ਆਖਿਆ ਕਿ ਭਾਰ ਚੁੱਕਣ ਵਾਲਿਆਂ ਦਾ ਬਲ ਘੱਟਦਾ ਜਾਂਦਾ ਹੈ ਅਤੇ ਮਲਬਾ ਬਹੁਤ ਪਿਆ ਹੋਇਆ ਹੈ, ਅਸੀਂ ਕੰਧ ਨੂੰ ਬਣਾ ਨਹੀਂ ਸਕਦੇ।**

**ਆਇਤਾਂ 7, 8.** ਯਰੂਸ਼ਲਮ ਦੀਆਂ ਕੰਧਾਂ ਤੇ ਯਹੂਦੀਆਂ ਦੇ ਕੰਮ ਕਰਦੇ ਰਹਿਣ ਨਾਲ ਉਨ੍ਹਾਂ ਦੇ ਦੁਸ਼ਮਣਾਂ ਨੂੰ ਇਹ ਸੰਕੇਤ ਗਿਆ ਕਿ ਕੋਈ ਹੋਰ ਜੁਗਤ ਲਾਉਣੀ ਜ਼ਰੂਰੀ ਸੀ। ਇਸ ਵਾਰ ਵਿਰੋਧ **ਸਨਬੱਲਟ ਅਤੇ ਟੋਬੀਯਾਹ** ਤਕ ਸੀਮਿਤ ਨਹੀਂ ਸੀ ਬਲਕਿ **ਅਰਬੀਆਂ, ਅੰਮੋਨੀਆਂ, ਅਤੇ ਅਸ਼ਦੋਦੀਆਂ** ਤਕ ਵਧ ਗਿਆ ਸੀ। ਵਿਰੋਧ ਕਰਨ ਵਾਲੇ ਅਰਬੀਆਂ ਦੀ ਅਗਵਾਈ ਉਹੀ ਗਸ਼ਮ ਕਰਦਾ ਹੋਵੇਗਾ ਜਿਹਦੀ ਗੱਲ 2:19 ਵਿਚ ਕੀਤੀ ਗਈ ਹੈ (2:10 ਤੇ ਟਿੱਪਣੀਆਂ ਵੇਖੋ)। ਉਹ ਯਹੂਦੀਆਂ ਦੇ ਦੇਸ਼ ਦੇ ਦੱਖਣ ਦੇ ਦੇਸ਼ਾਂ ਦੇ ਲੋਕ ਸਨ। ਅੰਮੋਨ ਯਰੂਸ਼ਲਮ ਦੇ ਪੂਰਬ ਵੱਲ ਸੀ ਅਤੇ ਸਾਮਰੀਆ ਯਹੂਦਾਹ ਦੇ ਉੱਤਰ ਵੱਲ। ਅਸ਼ਦੋਦ ਫ਼ਲਸਤੀਨੀਆਂ ਦਾ ਇਕ ਵੱਡਾ ਸ਼ਹਿਰ ਸੀ ਅਤੇ ਇਸ ਦਾ ਨਾਂਅ ਹੁਣ ਯਹੂਦਾਹ ਦੀ ਪੱਛਮੀ ਹੱਦ ਦੇ ਸਾਰੇ ਇਲਾਕੇ ਲਈ ਲਿਆ ਗਿਆ ਹੈ। ਦੂਜੇ ਸ਼ਬਦਾਂ ਵਿਚ, ਯਹੂਦਾਹ ਦੇ ਛੋਟੇ ਜਿਹੇ ਰਾਜ ਦੇ ਆਲੇ ਦੁਆਲੇ ਦੇ ਸਭ ਲੋਕਾਂ ਨੇ **ਇਕ ਮਨ ਹੋ ਕੇ ਮਤਾ ਪਕਾਇਆ ਕਿ ਆਓ, ਯਰੂਸ਼ਲਮ ਨਾਲ ਲੜੀਏ ਅਤੇ ਉਹ ਦੇ ਕੰਮਾਂ ਵਿਚ ਧਾਂਦਲ ਪਾ ਦੇਈਏ**। ਸਾਫ਼ ਹੈ ਕਿ ਸਾਜ਼ਸ਼ ਕਰਨ ਵਾਲਿਆਂ ਨੇ ਅਜੇ ਇਹ ਯੋਜਨਾ ਨਹੀਂ ਬਣਾਈ ਸੀ ਕਿ ਹਮਲਾ ਕਦੋਂ ਅਤੇ ਕਿੱਥੇ ਕਰਨਾ ਹੈ।

ਕੁਝ ਟੀਕਾਕਾਰ ਇਸ ਧਮਕੀ ਨੂੰ ''ਗਿੱਦੜ ਭਭਕੀ'' ਆਖ ਕੇ ਇਹਨੂੰ ਹਲਕਾ ਕਰਦੇ ਹਨ।[6] ਉਹ ਇਹ ਮੰਨਦੇ ਹੋਏ ਲਗਦੇ ਹਨ ਕਿ ਯਹੂਦੀਆਂ ਦੇ ਦੁਸ਼ਮਣਾਂ ਨੇ ਕਿਸੇ ਅਜਿਹੇ ਕੰਮ ਉੱਤੇ ਹਮਲਾ ਕਰਨ

ਦੀ ਹਿੰਮਤ ਨਹੀਂ ਕਰਨੀ ਸੀ ਜਿਸ ਦਾ ਇਖ਼ਤਿਆਰ ਫ਼ਾਰਸ ਦੇ ਰਾਜੇ ਵੱਲੋਂ ਮਿਲਿਆ ਹੋਇਆ ਸੀ। ਕਈ ਵਿਚਾਰ ਇਸ ਵਿਚਾਰ ਦੇ ਉਲਟ ਬੈਠ ਸਕਦੇ ਹਨ। ਪਹਿਲਾ, ਸ਼ੂਸ਼ਨ ਬਹੁਤ ਦੂਰ ਸੀ। ਫ਼ਾਰਸੀ ਫ਼ੌਜਾਂ ਨਹਮਯਾਹ ਅਤੇ ਉਸ ਦੇ ਕੰਮ ਦਾ ਬਚਾਅ ਕਰਨ ਲਈ ਉੱਥੇ ਨਹੀਂ ਸਨ। ਜੇ ਸਨਬੱਲਟ ਵਧੀਆ ਫ਼ੌਜ ਭਰਤੀ ਕਰ ਲੈਂਦਾ ਤਾਂ ਉਸ ਨੇ ਕਿਸੇ ਵੀ ਫ਼ਾਰਸੀ ਟੁਕੜੀ ਨੂੰ ਬਚਾਉਣ ਲਈ ਆ ਕੇ ਉੱਥੇ ਪਹੁੰਣ ਤੋਂ ਪਹਿਲਾਂ ਪਹਿਲਾਂ ਨਹਮਯਾਹ ਅਤੇ ਉਸ ਦੇ ਕੰਮ ਕਰਨ ਵਾਲਿਆਂ ਨੂੰ ਖ਼ਤਮ ਕਰ ਦੇਣਾ ਸੀ। ਦੂਜਾ, ਫ਼ਾਰਸੀ ਰਾਜਿਆਂ ਬਾਰੇ ਮਸ਼ਹੂਰ ਸੀ ਕਿ ਉਹ ਆਪਣਾ ਮਨ ਬਦਲ ਲੈਂਦੇ ਸਨ; ਦੂਜੇ ਸੂਬਿਆਂ ਦੇ ਹਾਕਮਾਂ ਨੇ ਇਹ ਦਲੀਲ ਦਿੱਤੀ ਹੋ ਸਕਦੀ ਹੈ ਕਿ ਜੇ ਉਹ ਹਮਲਾ ਕਰ ਦੇਵੇ ਤਾਂ ਬਾਅਦ ਵਿਚ ਰਾਜੇ ਅੱਗੇ ਆਪਣੀ ਕਾਰਵਾਹੀ ਨੂੰ ਸਹੀ ਠਹਿਰਾ ਸਕਦੇ ਹਨ (ਸ਼ਾਇਦ ਆਪਣੇ ਕਾਰਣਾਂ ਬਾਰੇ ਝੂਠ ਬੋਲ ਕੇ)।[7] ਤੀਜਾ, ਫ਼ਾਰਸੀ ਹਕੂਮਤ ਦੌਰਾਨ ਹਾਕਮਾਂ ਵਿਚਕਾਰ ਝਗੜੇ ਹੁੰਦੇ ਰਹਿੰਦੇ ਸਨ। ਇਹਦਾ ਮਤਲਬ ਇਹ ਹੋਇਆ ਕਿ ਸਨਬੱਲਟ ਅਤੇ ਦੂਜਿਆਂ ਵੱਲੋਂ ਹਮਲੇ ਦੀ ਤਰਕੀਬ ਨੂੰ ਸਚੁਮਚ ਦੇ ਖ਼ਤਰੇ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਪਰ ਨਹਮਯਾਹ ਦੀ ਲੀਡਰਸ਼ਿਪ ਅਤੇ ਯਹੂਦੀਆਂ ਦੀ ਨਿਸ਼ਠਾ ਨੇ ਸਨਬੱਲਟ ਅਤੇ ਉਸ ਦੇ ਸਾਥੀਆਂ ਨੂੰ ਉਹ ਕਰਨ ਤੋਂ ਰੋਕ ਦਿੱਤਾ ਜਿਸ ਦੀ ਉਨ੍ਹਾਂ ਨੇ ਧਮਕੀ ਦਿੱਤੀ ਸੀ।

**ਆਇਤ 9.** ਖੂਨ ਖਰਾਬੇ ਦੀ ਧਮਕੀ ਦਾ ਨਹਮਯਾਹ ਦਾ ਜਵਾਬ ਦੋਹਰਾ ਸੀ। ਯਹੂਦੀਆਂ ਨੇ **ਪਰਮੇਸ਼ੁਰ ਅੱਗੇ ਪ੍ਰਾਰਥਨਾ** ਕੀਤੀ ਅਤੇ **ਦਿਨ ਰਾਤ** (ਆਪਣੇ ਆਪਣੇ ਦੁਸ਼ਮਣਾਂ) ਦੇ ਵਿਰੁੱਧ ਪਹਿਰਾ ਬਿਠਾਇਆ। ਖ਼ੁਦਾ ਦੇ ਲੋਕ ਰੱਖਿਆ ਲਈ ਭਾਵੇਂ ਖ਼ੁਦਾ ਉੱਤੇ ਨਿਰਭਰ ਸਨ, ਪਰ ਉਨ੍ਹਾਂ ਨੇ ਉਹ ਕੀਤਾ ਵੀ ਜੋ ਉਹ ਆਪਣੀ ਰੱਖਿਆ ਲਈ ਕਰ ਸਕਦੇ ਸਨ।

**ਆਇਤ 10.** ਉਸ ਸਮੇਂ ਯਹੂਦੀਆਂ ਵਿਚ ਇਕ ਅਖਾਣ ਸੀ: ਉਨ੍ਹਾਂ ਦਾ ਦਾਅਵਾ ਸੀ ਕਿ **ਭਾਰ ਚੁੱਕਣ ਵਾਲਿਆਂ ਦਾ ਬਲ** ਘਟ ਜਾਣਾ ਸੀ ਭਾਵੇ **ਮਲਬਾ**[8] **ਬਹੁਤ** ਹਟਾਇਆ ਜਾਣ ਵਾਲਾ ਸੀ, ਅਤੇ ਉਨ੍ਹਾਂ ਨੇ ਕੰਮ ਦੇ ਪੂਰਾ ਕਰਨ ਵਿਚ ਆਪਣੀ ਅਯੋਗਤਾ ਨੂੰ ਮੰਨਿਆ। ਇਹ ਵਚਨ ਕਵਿਤਾ ਦੇ ਰੂਪ ਵਿਚ ਛਪਿਆ ਹੈ ਅਤੇ ਇਸ ਦੀ ਵਿਆਖਿਆ ਅਖਾਣ ਜਾਂ ਗੀਤ ਦੇ ਰੂਪ ਵਿਚ ਕੀਤੀ ਗਈ ਹੈ ਜਿਹੜਾ ਉਸ ਸਮੇਂ ਪ੍ਰਸਿੱਧ ਸੀ। ਨਹਮਯਾਹ ਦੇ ਵਿਰਤਾਂਤ ਵਿਚ ਇਸ ਦੇ ਜੋੜੇ ਜਾਣ ਦਾ ਕਾਰਣ ਸਪੱਸ਼ਟ ਨਹੀਂ ਹੈ। ਸ਼ਾਇਦ ਨਹਮਯਾਹ ਨੇ ਇਸ ਨੂੰ ਇੱਥੇ ਕੰਮ ਕਰਨ ਵਾਲਿਆਂ ਦੀ ਨਿਰਾਸ਼ਾ ਨੂੰ ਰੱਖਿਆ ਕਿ ਉਹ ਪੱਥਰ ਅਤੇ ਮਲਬਾ ਚੁੱਕ ਚੁੱਕ ਥੱਕ ਗਏ ਸਨ ਅਤੇ ਅਜੇ ਪਤਾ ਨਹੀਂ ਸੀ ਕਿ ਕੰਮ ਕਦੋਂ ਮੁੱਕੇਗਾ।[9] ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ਗੀਤ ਦੁਸ਼ਮਣ ਦੀਆਂ ਕੋਸ਼ਿਸ਼ਾਂ ਦਾ ਮਜ਼ਾਕ ਉਡਾਉਣ ਲਈ ਸੀ। ਉਨ੍ਹਾਂ ਦੇ ਵਿਰੋਧ ਦੀਆਂ ਧਮਕੀਆਂ ਦੇ ਬਾਵਜੂਦ, ਮਿਸਤਰੀ ਆਪਣਾ ਕੰਮ ਕਰਦੇ ਰਹੇ, ਅਤੇ ਕੰਮ ਕਰਦੇ ਕਰਦੇ ਉਹ ਗਾਈ ਵੀ ਜਾਂਦੇ ਸਨ, **ਅਸੀਂ ਕੰਧ ਨੂੰ ਬਣਾ ਨਹੀਂ ਸਕਦੇ।** ਉਹ ''ਕੰਧ ਨੂੰ ਬਣਾ'' ਨਹੀਂ ਸਕਦੇ ਹੋਣਗੇ; ਪਰ ਖ਼ੁਦਾ ਤਾਂ ਬਣਾ ਸਕਦਾ ਸੀ, ਜਿਸ ਕਰਕੇ ਕੰਧ ਬਣ ਗਈ।[10]

## ਅਚਾਨਕ ਹਮਲੇ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਗਿਆ (4:11-15)

**11ਅਤੇ ਸਾਡੇ ਵਿਰੋਧੀਆਂ ਨੇ ਆਖਿਆ, ਜੱਦ ਤਕ ਅਸੀਂ ਉਨ੍ਹਾਂ ਦੇ ਵਿਚ ਜਾ ਕੇ ਉਨ੍ਹਾਂ ਨੂੰ ਵੱਢ ਨਾ ਸੁੱਟੀਏ ਅਤੇ ਉਨ੍ਹਾਂ ਦੇ ਕੰਮ ਨੂੰ ਡਕ ਨਾ ਦੇਈਏ ਤਦ ਤਕ ਓਹ ਨਾ ਜਾਣਨਗੇ ਅਤੇ ਨਾ ਵੇਖਣਗੇ 12ਤਾਂ ਐਉਂ ਹੋਇਆ ਜਦ ਓਹ ਯਹੂਦੀ ਜਿਹੜੇ ਉਨ੍ਹਾਂ ਦੇ ਨੇੜੇ ਤੇੜੇ ਵੱਸਦੇ ਸਨ ਆਏ ਤਾਂ ਉਨ੍ਹਾਂ ਨੇ ਆ ਕੇ ਸਾਨੂੰ ਦੱਸ ਵਾਰ ਆਖਿਆ, ਓਹ ਸਾਰਿਆਂ ਥਾਵਾਂ ਵਿੱਚੋਂ ਸਾਡੇ ਉੱਤੇ ਚੜ੍ਹ ਆਉਣਗੇ 13ਏਸ ਲਈ ਮੈਂ ਨੀਵਿਆਂ ਥਾਵਾਂ ਵਿਚ ਕੰਧ ਦੇ ਪਿੱਛੇ ਖੁਲ੍ਹਿਆਂ ਥਾਵਾਂ ਵਿਚ ਲੋਕਾਂ ਨੂੰ ਉਨ੍ਹਾਂ ਦੇ ਟੱਬਰਾਂ ਅਨੁਸਾਰ ਆਪਣੀਆਂ ਤਲਵਾਰਾਂ ਅਤੇ ਆਪਣੀਆਂ ਬਰਛੀਆਂ ਅਤੇ ਆਪਣੀਆਂ ਕਮਾਨਾਂ ਨਾਲ ਖੜੇ ਕੀਤਾ 14ਮੈਂ ਵੇਖਿਆ ਅਤੇ ਉੱਠਿਆ ਅਤੇ ਉਨ੍ਹਾਂ ਸ਼ਰੀਫਾਂ ਅਤੇ ਰਈਸਾਂ ਅਤੇ ਬਾਕੀ ਲੋਕਾਂ ਨੂੰ ਆਖਿਆ, ਉਨ੍ਹਾਂ**

**ਕੋਲੋਂ ਨਾ ਡਰੋ, ਪ੍ਰਭੂ ਨੂੰ ਜਿਹੜਾ ਵੱਡਾ ਤੇ ਭੈ ਦਾਇਕ ਹੈ ਯਾਦ ਰੱਖੋ ਅਤੇ ਆਪਣੇ ਭਰਾਵਾਂ ਲਈ ਅਤੇ ਆਪਣਿਆਂ ਪੁੱਤਰਾਂ ਲਈ, ਆਪਣੀਆਂ ਧੀਆਂ ਲਈ, ਆਪਣੀਆਂ ਤੀਵੀਆਂ ਲਈ ਅਤੇ ਆਪਣਿਆਂ ਘਰਾਂ ਲਈ ਲੜੋ !**[15]**ਤਾਂ ਐਉਂ ਹੋਇਆ ਕਿ ਜਦ ਸਾਡੇ ਵੈਰੀਆਂ ਨੇ ਸੁਣਿਆ ਕਿ ਇਸ ਗੱਲ ਦਾ ਸਾਨੂੰ ਪਤਾ ਲਗ ਗਿਆ ਅਤੇ ਪਰਮੇਸ਼ੁਰ ਨੇ ਉਨ੍ਹਾਂ ਦੇ ਮਤੇ ਨੂੰ ਤੁੱਛ ਕਰ ਦਿੱਤਾ ਤਦ ਅਸੀਂ ਸਾਰੇ ਦੇ ਸਾਰੇ ਕੰਧ ਵੱਲ ਮੁੜ ਆਏ ਅਤੇ ਹਰ ਮਨੁੱਖ ਆਪਣੇ ਕੰਮ ਨੂੰ ਗਿਆ।**

**ਆਇਤ 11.** ਯਹੂਦੀਆਂ ਦੇ **ਵਿਰੋਧੀਆਂ** ਵੱਲੋਂ ਅਚਾਨਕ ਹਮਲੇ ਦੀ ਯੋਜਨਾ ਬਣਾਈ ਗਈ। ਉਨ੍ਹਾਂ ਨੇ ਯੋਜਨਾ ਬਣਾਈ ਕਿ **ਉਨ੍ਹਾਂ ਨੂੰ ਵੱਢ ਸੁਟੀਏ** ਅਤੇ **ਕੰਮ ਨੂੰ ਡੱਕ ਦੇਈਏ**। ਯਹੂਦੀਆਂ ਅਤੇ ਉਨ੍ਹਾਂ ਦੇ ਵਿਰੋਧੀਆਂ ਵਿਚਕਾਰ ਝਗੜੇ ਵਿਚ ਕੋਈ ਵੀ ਧਿਰ ਆਪਣੀਆਂ ਯੋਜਨਾਵਾਂ ਨੂੰ ਗੁਪਤ ਨਹੀਂ ਰੱਖ ਸਕੀ। ਸਾਫ਼ ਹੈ ਕਿ ਨਹਮਯਾਹ ਨੂੰ ਰਾਤ ਨੂੰ ਗੁਪਤ ਢੰਗ ਨਾਲ ਕੰਧ ਦਾ ਮੁਆਇਨਾ ਕਰਨ ਤੇ ਛਾਉਣੀ ਵਿਚ ਜਸੂਸਾਂ ਦੀ ਗੱਲ ਨਾਲ ਫ਼ਿਕਰ ਹੋ ਗਈ। ਫਿਰ ਵੀ ਸਨਬੱਲਟ ਨੂੰ ਉਹਦੇ ਆਉਣ ਦਾ ਪਤਾ ਲਗ ਗਿਆ ਅਤੇ ਕੰਮ ਦੇ ਸ਼ੁਰੂ ਹੋਣ ਦੇ ਥੋੜ੍ਹੀ ਦੇਰ ਬਾਅਦ ਉਸ ਨੂੰ ਸਮਝ ਆ ਗਿਆ (2: 10, 19)। ਦੂਜੇ ਪਾਸੇ ਸਾਜ਼ਸ਼ ਕਰਨ ਵਾਲਿਆਂ ਨੇ ਭਾਵੇਂ ਅਚਾਨਕ ਹਮਲੇ ਦੀ ਯੋਜਨਾ ਬਣਾਈ ਸੀ ਪਰ ਸਾਮਰੀਆ ਵਿਚ ਯਹੂਦੀਆਂ ਨਾਲ ਹਮਦਰਦੀ ਕਰਨ ਵਾਲੇ ਹੈ ਸਨ (ਜ਼ਾਹਿਰ ਤੌਰ ਤੇ ਉਨ੍ਹਾਂ ਵਿੱਚੋਂ ਕਈ; ਵੇਖੋ 4: 12)। ਉਨ੍ਹਾਂ ਨੇ ਨਹਮਯਾਹ ਨੂੰ ਉਨ੍ਹਾਂ ਦੇ ਦੁਸ਼ਮਣਾਂ ਦੀ ਚਾਲ ਦੱਸ ਦਿੱਤੀ। ਯਹੂਦਾਹ ਅਤੇ ਸਾਮਰੀਆ ਦੀ ਅਬਾਦੀ ਸ਼ਾਇਦ ਮਿਲੀ ਜੁਲੀ ਸੀ ਜਿਸ ਵਿਚ ਯਹੂਦੀ ਅਤੇ ਦੂਸਰੇ ਰਲੇ ਮਿਲੇ ਲੋਕ ਰਹਿੰਦੇ ਸਨ।

**ਆਇਤ 12. ਯਹੂਦੀ ਜਿਹੜੇ** ਸਾਮਰੀਆਂ **ਦੇ ਨੇੜੇ ਤੇੜੇ ਵੱਸਦੇ ਸਨ**, ਉਨ੍ਹਾਂ ਦੀਆਂ ਯੋਜਨਾਵਾਂ **ਦਸ ਵਾਰ** ਭਾਵ ਬਾਰ–ਬਾਰ ਦੱਸੀਆਂ; ਪਰ ਇਹ ਯਹੂਦੀ ਜਿਹੜੇ ਸਾਮਰੀਆਂ ਦੇ ਨੇੜੇ ਤੇੜੇ ਰਹਿੰਦੇ ਸਨ, ਯਹੋਵਾਹ ਅਤੇ ਆਪਣੇ ਲੋਕਾਂ ਦੇ ਵਫ਼ਾਦਾਰ ਰਹੇ। ਯਹੂਦੀਆਂ ਨੇ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੇ ਦੁਸ਼ਮਣਾਂ ਨੇ ਸਾਰਿਆਂ ਹਿੱਸਿਆਂ ਵਿੱਚੋਂ ਹਮਲਾ ਕਰਨਾ ਸੀ ਜਿਸ ਦਾ ਮਤਲਬ ਇਹ ਸੀ ਕਿ ਜ਼ਬਰਦਸਤ ਤਾਕਤ ਦੀ ਵਰਤੋਂ ਹੋਣੀ ਸੀ। **ਓਹ ਉੱਤੇ ਚੜ੍ਹ ਆਉਣਗੇ** ਦਾ ਮਤਲਬ ਲਗਦਾ ਹੈ ਕਿ ਦੁਸ਼ਮਣਾਂ ਦੇ ਯਰੂਸ਼ਲਮ ਅਤੇ ਕੰਧ ਤੇ ਯਹੂਦੀਆਂ ਦੇ ਕੰਮ ਤੇ ਹਮਲਾ ਹੋਣਾ ਸੀ।

ਇਬਰਾਨੀ ਲਿਖਤ ਵਿਚ ਸਮਝਣਾ ਮੁਸ਼ਕਿਲ ਹੈ, ਇਸ ਕਰਕੇ ਹੋਰ ਅਨੁਵਾਦ ਸੰਭਵ ਹਨ। ESV ਵਿਚ ਇਕ ਬਦਲ ਮਿਲਦਾ ਹੈ ਜਿਸ ਵਿਚ ਹੈ ''ਤੁਸੀਂ ਸਾਡੇ ਵੱਲ ਮੁੜ ਆਓ।'' ਜੇ ਇਹ ਸਹੀ ਹੈ ਤਾਂ ਇਨ੍ਹਾਂ ਸ਼ਬਦਾਂ ਦੇ ਅਰਥ ਇਸ ਤਰ੍ਹਾਂ ਸਮਝੇ ਜਾ ਸਕਦੇ ਹਨ: (1) ਕਸਬਿਆਂ ਅਤੇ ਪਿੰਡਾਂ ਵਿਚ ਰਹਿਣ ਵਾਲੇ ਯਹੂਦੀ ਨਹਮਯਾਹ ਅਤੇ ਯਰੂਸ਼ਲਮ ਦੇ ਯਹੂਦੀਆਂ ਅੱਗੇ ਰੱਖਿਆ ਲਈ ਬੇਨਤੀ ਕਰ ਰਹੇ ਸਨ। ਉਨ੍ਹਾਂ ਨੂੰ ਆਪਣੇ ਦੁਸ਼ਮਣਾਂ ਦੇ ਵਿਰੁੱਧ ਵਾਧੂ ਬਚਾਅ ਦੀ ਲੋੜ ਸੀ। (2) ਯਰੂਸ਼ਲਮ ਤੋਂ ਬਾਹਰ ਰਹਿਣ ਵਾਲੇ ਯਹੂਦੀ ਆਮ ਤੌਰ ਤੇ ਸ਼ਹਿਰ ਦੇ ਲੋਕਾਂ ਨੂੰ ਇਸ ਨੂੰ ਛੱਡ ਕੇ ਉਨ੍ਹਾਂ ਕੋਲ ਆ ਜਾਣ ਲਈ ਆ ਰਹੇ ਸਨ। ਅਜਿਹਾ ਕਰਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਚ ਜਾਣੀਆਂ ਸਨ। (3) ਯਰੂਸ਼ਲਮ ਦੇ ਬਾਹਰ ਦੇ ਯਹੂਦੀਆਂ ਨੂੰ ਸੀ, ਉਨ੍ਹਾਂ ਦੇ ਸਵੈ–ਸੇਵੀ ਰਿਸ਼ਤੇਦਾਰ ਅਤੇ ਦੋਸਤ ਉਨ੍ਹਾਂ ਕੋਲ ਵਾਪਸ ਆ ਜਾਣ ਤਾਂ ਜੋ ਯਰੂਸ਼ਲਮ ਉੱਤੇ ਹਮਲੇ ਤੋਂ ਉਨ੍ਹਾਂ ਦੀਆਂ ਜਾਨਾਂ ਬਚ ਸਕਣ।[11]

**ਆਇਤਾਂ 13, 14.** ਨਹਮਯਾਹ ਨੇ ਪਹਿਲਾਂ **ਕੰਧ** ਦੇ ਹਿੱਸਿਆਂ ਤੇ **ਲੋਕਾਂ** ਨੂੰ ਬਿਠਾ ਕੇ ਜਿਨ੍ਹਾਂ ਉੱਤੇ ਸਭ ਤੋਂ ਵੱਧ ਹਮਲੇ ਦਾ ਅੰਦੇਸ਼ਾ ਸੀ, ਜਵਾਬ ਦਿੱਤਾ। ਇਸ ਕਾਰਵਾਹੀ ਨੂੰ ਤਾਕਤ ਦੇ ਮੁਜ਼ਾਹਰੇ ਦੇ ਰੂਪ ਵਿਚ ਵੀ ਸਮਝਿਆ ਗਿਆ ਹੈ ਜਿਸ ਨੂੰ ਕੰਧ ਤੋਂ ਬਾਹਰੋਂ ਵੇਖਿਆ ਜਾ ਸਕਦਾ ਸੀ, ਕਿਉਂ ਜੋ ਲੜਾਕਿਆਂ ਨੂੰ **ਖੁੱਲ੍ਹਿਆਂ ਥਾਂਵਾਂ** ਵਿਚ ਤੈਨਾਤ ਕੀਤਾ ਗਿਆ ਸੀ ਜਿੱਥੋਂ ਦੁਸ਼ਮਣ ਜਸੂਸਾਂ ਨੂੰ ਉਹ ਅਸਾਨੀ ਨਾਲ ਨਜ਼ਰ ਆ ਸਕਣ।[12]

ਨਾਲੇ ਨਹਮਯਾਹ ਨੇ **ਟੱਬਰਾਂ** ਨੂੰ ਉਨ੍ਹਾਂ ਹਿੱਸਿਆਂ ਵਿਚ ਜਿੱਥੇ ਉਹ ਕੰਮ ਕਰ ਰਹੇ ਸਨ, **ਤਲਵਾਰਾਂ**,

**ਬਰਛੀਆਂ ਅਤੇ ਕਮਾਨਾਂ** ਲੈ ਕੇ ਇਕ ਦੂਜੇ ਦੀ ਰਖਵਾਲੀ ਲਈ ਖੜੇ ਹੋਣ ਲਈ ਪ੍ਰੇਰਿਆ। ''ਟੱਬਰ'' ਲਈ ਇਬਰਾਨੀ ਸ਼ਬਦ (*mishpachah*, *ਮਿਸ਼ਪਾਖਾ*) ਲਈ ਹੋਰ ਵਿਆਪਕ ਅਰਥ ''ਕਬੀਲਾ'' ਹੈ। ਯਹੂਦੀਆਂ ਦੇ ਹਥਿਆਰਾਂ ਦੇ ਵਰਗੀਕਰਣ ਤੋਂ ਇਹ ਪਤਾ ਲੱਗਾ ਕਿ ਉਹ ਲੰਮੀ ਦੂਰੀ ਦੇ ਹਮਲਿਆਂ ਅਤੇ ਹਾਥਾਪਾਈ, ਦੋਹਾਂ ਲਈ ਤਿਆਰ ਸਨ।

ਅਖ਼ੀਰ ਵਿਚ, ਨਹਮਯਾਹ ਨੇ **ਸ਼ਰੀਫਾਂ**, **ਰਈਸਾਂ ਅਤੇ ਬਾਕੀ ਲੋਕਾਂ ਨੂੰ** ਹੌਸਲਾ ਦਿੰਦਿਆਂ **ਆਖਿਆ**। ਉਸ ਦੇ ਭਾਸ਼ਣ ਵਿਚ ਯਾਦ ਕਰਾਉਣ ਵਾਲੀਆਂ ਗੱਲਾਂ ਉੱਤੇ ਜ਼ੋਰ ਹੈ। ਉਸਨੇ ਆਖਿਆ, **ਉਨ੍ਹਾਂ ਕੋਲੋਂ ਨਾ ਡਰੋ, ਪ੍ਰਭੂ ਨੂੰ** ਯਾਦ ਰੱਖੋ। ਉਨ੍ਹਾਂ ਨੂੰ ਉਸ ਉੱਤ ਭਰੋਸਾ ਰੱਖਣ ਦੀ ਲੋੜ ਸੀ ਕਿਉਂ ਜੋ ਉਹ **ਵੱਡਾ ਤੇ ਭੈ ਦਾਇਕ ਹੈ।** ਇਸ ਤੋਂ ਇਲਾਵਾ ਨਹਮਯਾਹ ਨੇ ਲੋਕਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਚੇਤੇ ਰੱਖਣ ਦੀ ਚੁਣੌਤੀ ਦਿੱਤੀ। ਉਸਨੇ ਸਿਰਫ਼ ਆਪਣੇ ਲਈ ਨਹੀਂ ਬਲਕਿ ਲੋਕਾਂ ਅਤੇ ਸਮਾਨ ਲਈ ਵੀ ਲੜਨ ਲਈ ਆਖਿਆ ਜਿਹਦੀ ਉਨ੍ਹਾਂ ਲਈ ਬਹੁਤ ਅਹਿਮੀਅਤ ਸੀ। **ਆਪਣੇ ਭਰਾਵਾਂ ਲਈ ਅਤੇ ਆਪਣਿਆਂ ਪੁੱਤਰਾਂ ਲਈ, ਆਪਣੀਆਂ ਧੀਆਂ ਲਈ, ਆਪਣੀਆਂ ਤੀਵੀਆਂ ਲਈ ਅਤੇ ਆਪਣਿਆਂ ਘਰਾਂ ਲਈ ਲੜੋ !**

**ਆਇਤ 15.** ਅਚਾਨਕ ਹਮਲੇ ਦੇ ਖ਼ਿਲਾਫ਼ ਬਚਾਅ ਦੀ ਨਹਮਯਾਹ ਦੀ ਤਿਆਰੀ ਕੰਮ ਆਈ। ਉਸ ਦੇ **ਵੈਰੀਆਂ ਨੇ ਸੁਣਿਆ** ਕਿ ਉਨ੍ਹਾਂ ਦੀ ਚਾਲ ਯਹੂਦੀਆਂ ਨੂੰ ਪਤਾ ਲਗ ਗਈ ਹੈ ਅਤੇ ਉਨ੍ਹਾਂ ਨੂੰ ਸਮਝ ਆਇਆ ਕਿ **ਉਨ੍ਹਾਂ ਦੇ ਮਤੇ ਨੂੰ ਤੁੱਛ ਕਰ ਦਿੱਤਾ** ਗਿਆ ਹੈ। ਨਹਮਯਾਹ ਨੇ ਉਨ੍ਹਾਂ ਦੀ ਯੋਜਨਾ ਦੀ ਹਾਰ ਦਾ ਕਾਰਣ **ਪਰਮੇਸ਼ੁਰ** ਨੂੰ ਦੱਸਿਆ, ਕਿਉਂ ਜੋ ਉਸਨੇ ਖ਼ੁਦਾ ਦੀ ਮਦਦ ਨੂੰ ਯਹੂਦੀਆਂ ਦੇ ਆਪਣੇ ਵੈਰੀਆਂ ਦੇ ਖ਼ਤਰਨਾਕ ਹਮਲੇ ਤੋਂ ਬਚਣ ਦੇ ਯੋਗ ਹੋਣ ਦਾ ਇੱਕੋ ਇਕ ਕਾਰਣ ਮੰਨਿਆ।

ਇਸ ਤੋਂ ਬਾਅਦ ਯਹੂਦੀ ਆਪਣੇ **ਕੰਮ** ਤੇ **ਮੁੜ** ਗਏ। ਸਾਫ਼ ਹੈ ਕਿ ਉਨ੍ਹਾਂ ਨੇ ਸੰਭਾਵਤ ਹਮਲੇ ਨਾਲ ਸੰਬਧਿਤ ਅਪਾਤ ਹਾਲਾਤ ਵਿਚ ਉਸਾਰੀ ਦੀਆਂ ਕੋਸ਼ਿਸ਼ਾਂ ਨੂੰ ਟਾਲ ਦਿੱਤਾ। ਅਜੇ ਵੀ ਖ਼ਤਰਾ ਪੂਰੀ ਤਰ੍ਹਾਂ ਨਾਲ ਟਲਿਆ ਨਹੀਂ ਸੀ। ਨਹਮਯਾਹ ਨੂੰ ਪਤਾ ਸੀ ਕਿ ਯਹੂਦਾਹ ਦੇ ਦੁਸ਼ਮਣ ਹਮਲਾ ਕਰ ਸਕਦੇ ਸਨ।

## ਕੰਧ ਦੇ ਬਚਾਅ ਲਈ ਨਹਮਯਾਹ ਦੀ ਯੋਜਨਾ (4:16-23)

**16ਤਾਂ ਐਉਂ ਹੋਇਆ ਕਿ ਉਸ ਦਿਨ ਤੋਂ ਅੱਗੇ ਨੂੰ ਮੇਰੇ ਅੱਧੇ ਜੁਆਨ ਕੰਮ ਉੱਤੇ ਲੱਗੇ ਰਹਿੰਦੇ ਸਨ ਅਤੇ ਬਾਕੀ ਅੱਧੇ ਬਰਛੀਆਂ ਅਤੇ ਢਾਲਾਂ ਅਤੇ ਕਮਾਨਾਂ ਲੈ ਕੇ ਅਤੇ ਸੰਜੋਆਂ ਪਾਕੇ ਅਤੇ ਸਰਦਾਰ ਯਹੂਦਾਹ ਦੇ ਸਾਰੇ ਘਰਾਣੇ ਦੇ ਪਿੱਛੇ ਪਿੱਛੇ ਸਨ 17ਓਹ ਜਿਹੜੇ ਕੰਧ ਬਣਾਉਂਦੇ ਸਨ ਅਤੇ ਓਹ ਜਿਹੜੇ ਭਾਰ ਚੁੱਕਦੇ ਸਨ ਇਕ ਹੱਥ ਨਾਲ ਕੰਮ ਕਰਦੇ ਸਨ ਅਤੇ ਦੂਜੇ ਹੱਥ ਨਾਲ ਸ਼ੱਸਤ੍ਰ ਫੜਦੇ ਸਨ 18ਅਤੇ ਬਣਾਉਣ ਵਾਲੇ ਮਨੁੱਖ ਆਪਣੇ ਕਮਰ ਕਸਿਆਂ ਵਿਚ ਆਪਣੀਆਂ ਤਲਵਾਰਾਂ ਰੱਖ ਕੇ ਬਣਾਉਂਦੇ ਸਨ ਅਤੇ ਨਰਸਿੰਗੇ ਦਾ ਫੂਕਣ ਵਾਲਾ ਮੇਰੇ ਕੋਲ ਸੀ 19ਤਾਂ ਮੈਂ ਸ਼ਰੀਫਾਂ ਅਤੇ ਰਈਸਾਂ ਅਤੇ ਬਾਕੀ ਦੇ ਲੋਕਾਂ ਨੂੰ ਆਖਿਆ ਕਿ ਕੰਮ ਬਹੁਤ ਅਤੇ ਫੈਲਿਆ ਹੋਇਆ ਹੈ ਤੇ ਅਸੀਂ ਕੰਧ ਉੱਤੇ ਖਿਲਰੇ ਹੋਏ ਹਾਂ ਅਤੇ ਇਕ ਦੂਸਰੇ ਤੋਂ ਦੂਰ ਹਾਂ 20ਜਿਸ ਥਾਂ ਵਿਚ ਤੁਸੀਂ ਨਰਸਿੰਗੇ ਦੀ ਅਵਾਜ਼ ਨੂੰ ਸੁਣੋ ਓਧਰ ਹੀ ਸਾਡੇ ਕੋਲ ਇਕੱਠੇ ਹੋ ਜਾਓ। ਸਾਡਾ ਪਰਮੇਸ਼ੁਰ ਸਾਡੇ ਲਈ ਲੜੇਗਾ 21ਅਸੀਂ ਕੰਮ ਕਰਦੇ ਗਏ ਅੱਧੇ ਉਨ੍ਹਾਂ ਵਿੱਚੋਂ ਸੂਰਜ ਚੜ੍ਹਣ ਤੋਂ ਤਾਰਿਆਂ ਦੇ ਵਿਖਾਈ ਦੇਣ ਤੀਕ ਬਰਛੀਆਂ ਨੂੰ ਥੰਮ੍ਹੀ ਰੱਖਦੇ ਸਨ 22ਨਾਲੇ ਮੈਂ ਉਸ ਵੇਲੇ ਲੋਕਾਂ ਨੂੰ ਆਖਿਆ, ਹਰ ਮਨੁੱਖ ਆਪਣੇ ਜੁਆਨ ਸਣੇ ਯਰੂਸ਼ਲਮ ਵਿਚ ਰਾਤ ਕੱਟੇ ਤਾਂ ਜੋ ਰਾਤ ਨੂੰ ਸਾਡੇ ਲਈ ਪਹਿਰਾ ਦੇਣ ਅਤੇ ਦਿਨ ਨੂੰ ਕੰਮ ਕਰਨ 23ਸੋ ਨਾ ਮੈਂ ਕਦੀ ਕੱਪੜੇ ਲਾਹੇ, ਨਾ ਮੇਰੇ ਭਰਾਵਾਂ, ਨਾ ਮੇਰੇ ਜੁਆਨਾਂ ਅਤੇ ਨਾ ਉਨ੍ਹਾਂ ਲੋਕਾਂ ਨੇ ਜਿਹੜੇ ਰਾਖੀ ਲਈ ਮੇਰੇ ਨਾਲ ਸਨ ਸਗੋਂ ਹਰ ਮਨੁੱਖ ਪਾਣੀ ਲੈਣ ਲਈ ਆਪਣਾ ਸ਼ੱਸਤ੍ਰ ਨਾਲ ਰੱਖਦਾ ਸੀ।**

ਯਹੂਦੀਆਂ ਨੂੰ ਹੈਰਾਨ ਕਰ ਦੇਣ ਦੀ ਸਨਬੱਲਟ ਦੀ ਚਾਲ ਨਾਕਾਮ ਹੋ ਜਾਣ ਦੇ ਬਾਅਦ ਨਹਮਯਾਹ ਨੇ ਅੱਗੇ ਤੋਂ ਕੰਧ ਦੇ ਬਚਾਅ ਲਈ ਯੋਜਨਾਵਾਂ ਬਣਾਈਆਂ। ਯਰੂਸ਼ਲਮ ਅਤੇ ਇਸ ਦੀ ਕੰਧ ਦੇ ਬਚਾਅ ਦੀ ਉਸ ਦੀ ਜੁਗਤ ਚੌਕਸੀ ਨਾਲ ਕੀਤੇ ਜਾਣ ਵਾਲੇ ਸੰਗਠਨ ਅਤੇ ਫ਼ੌਜੀ ਤਿਆਰੀ ਦੀ ਇਕ ਚੰਗੀ ਮਿਸਾਲ ਹੈ। ਕੌਮੀ ਸੁਰੱਖਿਆ ਲਈ ਉਸ ਦੀ ਯੋਜਨਾ ਵਿਚ ਲੋਕਾਂ ਦੇ ਵੱਖੋ ਵੱਖ ਵਰਗਾਂ ਲਈ ਵਿਸਤਾਰ ਨਾਲ ਨਿਰਦੇਸ਼ ਦਿੱਤੇ ਗਏ ਅਤੇ ਸਭ ਨੂੰ ਖ਼ਾਸ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ।

**ਆਇਤ 16.** ਨਹਮਯਾਹ ਨੇ ਆਖਿਆ ਕਿ ਉਸ ਦੇ **ਅੱਧੇ ਜਵਾਨ** ਕੰਮ ਕਰਦੇ ਅਤੇ **ਬਾਕੀ ਅੱਧੇ** ਹਥਿਆਰ ਲੈ ਕੇ ਰੱਖਿਆ ਲਈ ਖੜ੍ਹੇ ਰਹਿੰਦੇ। ਆਪਣੇ ‘‘ਜਵਾਨਾਂ’’ ਦੀ ਗੱਲ ਕਰਦਿਆਂ ਨਹਮਯਾਹ ਉਸ ਨੂੰ ਸੌਂਪੇ ਗਏ ਆਦਮੀਆਂ ਦੀਆਂ ਖ਼ਾਸ ਟੁਕੜੀਆਂ ਦੀ ਗੱਲ ਕਰ ਰਿਹਾ ਹੋਵੇਗਾ। ਸ਼ਾਇਦ ਇਸ ਕਰਕੇ ਕਿ ਉਹ ਹਾਕਮ ਅਤੇ ਯਹੂਦਾਹ ਦੀਆਂ ਫ਼ੌਜਾਂ ਦਾ ਲੀਡਰ ਸੀ। ਜੇ ਇਹ ਗੱਲ ਹੈ ਤਾਂ ਉਨ੍ਹਾਂ ਨੂੰ ਉੱਥੇ ਲਾਇਆ ਗਿਆ ਜਿੱਥੇ ਉਹ ਸਭ ਤੋਂ ਵੱਧ ਮਦਦਗਾਰ ਹੋ ਸਕਦੇ ਸਨ।

ਸਾਫ਼ ਹੈ ਕਿ ਨਹਮਯਾਹ ਨੇ ਇਹ ਧਿਆਨ ਰੱਖਿਆ ਕਿ ਇਹ ਲੋਕ ਚੰਗੀ ਤਰ੍ਹਾਂ ਨਾਲ ਹਥਿਆਰਬੰਦ ਹੋਣ, ਕਿਉਂ ਜੋ ਉਨ੍ਹਾਂ ਕੋਲ **ਬਰਛੀਆਂ**, **ਢਾਲਾਂ**, **ਕਮਾਨਾਂ** ਅਤੇ **ਸੰਜੋਆਂ** ਸਨ। ਇਨ੍ਹਾਂ ਕੰਮ ਕਰਨ ਵਾਲੇ ਯੋਧਿਆਂ ਦੀ ਹਰ ਟੁਕੜੀ ਦੀ ਨਿਗਰਾਨੀ ਲਈ **ਸਰਦਾਰ** ਜਾਂ ‘‘ਅਧਿਕਾਰੀ’’ (NIV) ਨਿਯੁਕਤ ਕੀਤੇ ਗਏ ਸਨ। ਉਹ ਆਪਣੇ ਅਧੀਨ ਲੋਕਾਂ ਦੇ ਬਿਲਕੁਲ ਨੇੜੇ ਖੜ੍ਹੇ ਸਨ, ਜੋ ਹਮਲਾ ਹੋਣ ਦੀ ਸੂਰਤ ਵਿਚ ਚਾਰਜ ਲੈਣ ਲਈ ਤਿਆਰ ਸਨ।

**ਆਇਤਾਂ 17, 18.** ਹਮਲਾ ਹੋਣ ਦੀ ਸੂਰਤ ਵਿਚ **ਓਹ ਜਿਹੜੇ ਕੰਧ ਬਣਾਉਂਦੇ ਸਨ ਅਤੇ ਓਹ ਜਿਹੜੇ ਭਾਰ ਚੁੱਕਦੇ ਸਨ** ਝੱਟ ਉਸਾਰੀ ਕਰਨ ਵਾਲਿਆਂ ਤੋਂ ਲੜਾਕੇ ਬਣ ਸਕਦੇ ਸਨ। ਉਹ **ਇਕ ਹੱਥ ਨਾਲ ਕੰਮ ਕਰਦੇ ਸਨ ਅਤੇ ਦੂਜੇ ਹੱਥ** ਵਿਚ **ਸ਼ੱਸਤ੍ਰ** ਰੱਖਦੇ ਸਨ। **ਬਣਾਉਣ** ਵਾਲਿਆਂ ਵਿੱਚੋਂ ਹਰ ਕਿਸੇ ਨੇ **ਆਪਣੇ ਕਮਰ ਕਸਿਆਂ ਵਿਚ ਆਪਣੀਆਂ ਤਲਵਾਰਾਂ** ਰੱਖੀਆਂ ਹੁੰਦੀਆਂ ਸਨ। ਨਰਸਿੰਗਾ ਫੂਕਣ ਵਾਲਾ ਹਰ ਵੇਲੇ ਨਹਮਯਾਹ ਦੇ ਕੋਲ ਰਹਿੰਦਾ ਸੀ। LXX ਵਿਚ ਕਿਹਾ ਗਿਆ ਹੈ ਕਿ ‘‘ਨਰਸਿੰਗਾ ਫੂਕਣ ਵਾਲਾ’’ ‘‘ਉਸ ਦੇ ਅੱਗੇ’’ (ਬਣਾਉਣ ਵਾਲੇ ਦੇ) ਰਹਿੰਦਾ ਸੀ। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਕੰਧ ਦੇ ਆਲੇ ਦੁਆਲੇ ਕਈ ਨਰਸਿੰਗਾ ਫੂਕਣ ਵਾਲੇ ਲਾਏ ਗਏ ਸਨ ਤਾਂ ਜੋ ਨਰਸਿੰਗੇ ਦੇ ਫੂਕੇ ਜਾਣ ਦੀ ਅਵਾਜ਼ ਨਾਲ ਇਹ ਸੰਕੇਤ ਮਿਲੇ ਕਿ ਹਮਲਾ ਕਿੱਥੇ ਹੋਇਆ।[13] ਇੱਥੇ ਲਿਖੇ ਜਾਣ ਨਾਲ ਮੇਲ ਖਾਂਦੇ ਹੋਏ, ਜੋਸੇਫ਼ਸ ਨੇ ਦਾਅਵਾ ਕੀਤਾ ਕਿ ਨਹਮਯਾਹ ਨੇ ‘‘ਹਰ ਪੰਜ ਸੌ ਫੁੱਟ ਤੇ ਨਰਸਿੰਗਾ ਫੂਕਣ ਵਾਲੇ ਲਾਏ।’’[14]

**ਆਇਤ 19.** ਅਲਾਰਮ-ਸਿਗਨਲ ਦੇ ਸਿਸਟਮ ਬਾਰੇ ਹੋਰ ਵਿਸਤਾਰ ਵਿਚ ਨਹੀਂ ਦਿੱਤਾ ਗਿਆ, ਪਰ ਅਜਿਹਾ ਸਿਸਟਮ ਜ਼ਰੂਰੀ ਸੀ ਕਿਉਂ ਜੋ ਕੰਮ ਕਰਨ ਵਾਲੇ **ਕੰਧ ਉੱਤੇ ਖਿਲਰੇ ਹੋਏ** ਸਨ **ਅਤੇ ਇਕ ਦੂਸਰੇ ਤੋਂ ਦੂਰ** ਸਨ।

**ਆਇਤ 20.** ਜਿਵੇਂ ਕਿਤੇ ਵੀ ਹਮਲਾ ਹੋਵੇ, ਭਾਵ ਜਦ ਵੀ **ਨਰਸਿੰਗੇ** ਦੀ ਅਵਾਜ਼ ਆਵੇ, ਤਦੇ ਲੋਕਾਂ ਨੂੰ **ਇਕੱਠੇ** ਭਾਵ ‘‘ਜਮ੍ਹਾ’’ ਹੋਣ (NCV) ਜਾਂ ‘‘ਇਕੱਠੇ ਹੋ ਜਾਣ (NJPSV) ਲਈ ਆਖਿਆ ਗਿਆ। ਨਹਮਯਾਹ ਲੋਕਾਂ ਨੂੰ ਇੱਕੋ ਸਚਿਆਈ ਨੂੰ ਯਾਦ ਰੱਖ ਕੇ ਕਿ **ਸਾਡਾ ਪਰਮੇਸ਼ੁਰ ਸਾਡੇ ਲਈ ਲੜੇਗਾ**, ਉਨ੍ਹਾਂ ਨੂੰ ਦਲੇਰ ਕਰਦਾ ਰਿਹਾ।

**ਆਇਤ 21.** ਕੰਮ ਕਰਨ ਵਾਲੇ ਅਤੇ ਉਨ੍ਹਾਂ ਦੇ ਗਾਰਦ ਲਗਾਤਾਰ ਕੰਮ ਕਰਨ ਵਾਲੇ ਅਤੇ ਮਿਹਨਤੀ ਸਨ। ਉਹ ਮੂੰਹ ਹਨੇਰੇ ਤੋਂ ਦਿਨ ਢਲੇ ਤਕ ਹੀ ਨਹੀਂ, ਸਗੋਂ **ਸੂਰਜ ਚੜ੍ਹਣ ਤੋਂ ਤਾਰਿਆਂ ਦੇ ਵਿਖਾਈ ਦੇਣ ਤੀਕ** ਕੰਮ ਕਰਦੇ ਸਨ।

**ਆਇਤ 22.** ਯਰੂਸ਼ਲਮ ਤੋਂ ਬਾਹਰ ਰਾਤ ਕੱਟਣ ਵਾਲਿਆਂ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ **ਯਰੂਸ਼ਲਮ ਵਿਚ ਰਾਤ** ਕੱਟਣ **ਤਾਂ ਜੋ ਰਾਤ ਨੂੰ** ਹਮਲਾ ਹੋਣ ਦੀ ਸੂਰਤ ਵਿਚ **ਪਹਿਰਾ** ਦੇ ਸਕਣ ਅਤੇ/ਜਾਂ

ਪਹਿਰੇਦਾਰੀ ਕਰ ਸਕਣ।

ਲੈਸਲੀ ਸੀ. ਐਲਨ ਨੇ ਇਸ ਕਦਮ ਨੂੰ ਯਰੂਸ਼ਲਮ ਦੇ ਬਾਹਰ ਦੇ ਯਹੂਦੀਆਂ ਦੇ ਆਪਣੇ ਸਵੈ ਸੇਵਾ ਕਰਨ ਵਾਲਿਆਂ ਨੂੰ ਉਨ੍ਹਾਂ ਕੋਲ ''ਮੋੜ'' ਦੇਣ ਦੀ ਬੇਨਤੀ ਦੇ ਜਵਾਬ ਦੇ ਰੂਪ ਵਿਚ ਵੇਖਿਆ (4: 12 ਤੇ ਟਿੱਪਣੀਆਂ ਵੇਖੋ)। ਉਸ ਨੇ ਲਿਖਿਆ, ''ਅਖ਼ੀਰ ਵਿਚ ਆਇਤ 12 ਵਾਲੀ ਅਪੀਲ ਉਸ ਗੁਪਤ ਸੂਚਨਾ ਦੇ ਜਵਾਬ ਵਿਚ, [ਨਹਮਯਾਹ] ਆਪਣੇ ਨੇਕ ਨੀਅਤ ਹੋਣ ਤੇ ਦਿਨ ਭਰ ਦੇ ਕੰਮ ਤੋਂ ਬਾਅਦ ਇਸ ਅਜ਼ਮਾਇਸ਼ ਵਿੱਚੋਂ ਨਿੱਕਲ ਆਇਆ ਅਤੇ ਉਸ ਨੇ ਘਰ ਛੱਡ ਦੇਣ ਦਾ ਫ਼ੈਸਲਾ ਕੀਤਾ।'' ਐਲਨ ਨੇ ਅੱਗੇ ਆਖਿਆ, ''ਸੰਕਟ ਨੂੰ ਧਿਆਨ ਵਿਚ ਰੱਖਦਿਆਂ, [ਨਹਮਯਾਹ] ਨੇ ਆਦੇਸ਼ ਦਿੱਤਾ ਕਿ ਅੱਗੇ ਤੋਂ ਕੋਈ ਵੀ ਰਾਤ ਨੂੰ ਯਰੂਸ਼ਲਮ ਤੋਂ ਬਾਹਰ ਨਹੀਂ ਜਾਵੇਗਾ ਅਤੇ ਕੰਮ ਕਰਨ ਵਾਲੇ ਰਾਤ ਭਰ ਸੰਤਰੀ ਦਾ ਕੰਮ ਕਰਨ, ਸੰਭਵ ਤੌਰ ਤੇ ਸ਼ਿਫ਼ਟਾਂ ਵਿਚ।''[15]

**ਆਇਤ 23.** ਸ਼ਹਿਰੋਂ ਬਾਹਰ ਦੀ ਬਜਾਇ ਉਹ ਸ਼ਹਿਰ ਦੇ ਅੰਦਰ ਸੁਰੱਖਿਅਤ ਵੀ ਸਨ। ਇਨ੍ਹਾਂ ਕੰਮ ਕਰਨ ਵਾਲਿਆਂ ਨੇ ਹਰ ਵੇਲੇ ਤਿਆਰ ਰਹਿਣ ਲਈ **ਕਦੇ ਕੱਪੜੇ** ਨਹੀਂ ਬਦਲੇ। ਉਹ ਜਿੱਥੇ ਵੀ ਜਾਂਦੇ ਆਪਣੇ **ਸ਼ਸਤ੍ਰ ਨਾਲ ਰੱਖਦੇ** ਸਨ।

**ਸਗੋਂ ਪਾਣੀ ਲੈਣ ਲਈ** ਵਾਕ ਅੰਸ਼ ਮੁਸ਼ਕਿਲ ਹੈ। NASB ਅਤੇ NIV ਦੇ ਮੁਤਾਬਕ ਵੀ ਨਹਮਯਾਹ ਅਤੇ ਉਸ ਦੇ ਬੰਦਿਆਂ ਨੇ ਆਪਣੇ ਕੱਪੜੇ ਨਹੀਂ ਬਦਲੇ ਅਤੇ ਉਹ ਹਥਿਆਰਾਂ ਨਾਲ ਲੈਸ ਰਹਿੰਦੇ ਸਨ ਤਦ ਵੀ ਜਦ ਪਾਣੀ ਲੈਣ ਜਾਣਾ ਹੋਵੇ। KJV ਦੀ ਨਕਲ ਕਰਦਿਆਂ NKJV ਵਿਚ ਕਿਹਾ ਗਿਆ ਹੈ ਕਿ ਇਹ ਲੋਕ ਆਪਣੇ ਕੱਪੜੇ ਨਹੀਂ ਉਤਾਰਦੇ ਸਨ, ''ਸਿਵਾਇ ਇਸ ਦੇ ਕਿ ਜਦੋਂ ਹਰ ਕੋਈ ਨਹਾਉਣ ਲਈ ਉਤਾਰਦਾ ਹੋਵੇ।'' ਇਸ ਅਰਥ ਤੇ ਪਹੁੰਚਣ ਲਈ ਅਨੁਵਾਦਕਾਂ ਨੇ ਆਪਣੇ ਸ਼ਸਤ੍ਰਾਂ ਦੇ ਇਬਰਾਨੀ ਸ਼ਬਦਾਂ ਦੇ ਸੰਸਕਰਣ ਨੂੰ ਕਿਰਿਆ ਸ਼ਬਦ ''ਉਨ੍ਹਾਂ ਨੂੰ ਉਤਾਰਦੇ'' ਵਿਚ ਬਦਲਦੇ ਹੋਏ ਫੇਰ ਤੋਂ ਧਿਆਨ ਦੁਆਇਆ ਹੈ। ਕਈ ਸੰਸਕਰਣਾਂ ਵਿਚ ਅਨੁਵਾਦ ਹੋਏ ਸ਼ਬਦ ''ਪਾਣੀ'' ਨੂੰ ''ਆਪਣੇ ਸੱਜੇ ਹੱਥ'' ਫੜਨ ਲਈ ਸੋਧਿਆ ਗਿਆ ਹੈ। ਉਦਾਹਰਣ ਲਈ ESV ਵਿਚ ਹੈ ''ਸਾਡੇ ਵਿੱਚੋਂ ਕਿਸੇ ਨੇ ਆਪਣੇ ਕੱਪੜੇ ਨਹੀਂ ਲਾਹੇ; ਹਰ ਕਿਸੇ ਨੇ ਆਪਣੇ ਸੱਜੇ ਹੱਥ ਵਿਚ ਆਪਣਾ ਸ਼ਸਤ੍ਰ ਰੱਖਿਆ'' (ਵੇਖੋ NRSV; REB; NAB; NJB)।[16]

ਸਾਫ਼ ਹੈ ਕਿ ਸ਼ਹਿਰ ਦੇ ਬਚਾਅ ਲਈ ਨਹਮਯਾਹ ਵੱਲੋਂ ਚੁੱਕੇ ਗਏ ਕਦਮ ਸਫ਼ਲ ਹੋਏ। ਅਗਲੀ ਵਾਰ ਜਦ ਅਸੀਂ ਅਧਿਆਇ 6 ਵਿਚ ਯਹੂਦਾਹ ਦੇ ਦੁਸ਼ਮਣਾਂ ਦੇ ਵਿਰੋਧ ਦੀ ਗੱਲ ਪੜ੍ਹਦੇ ਹਾਂ ਤਾਂ ਉਨ੍ਹਾਂ ਦੀਆਂ ਚਾਲਾਂ ਬਦਲ ਗਈਆਂ ਸਨ। ਜ਼ਬਰਦਸਤੀ ਕੀਤੇ ਜਾਣ ਦੀ ਧਮਕੀ ਨਾਲ ਯਹੂਦੀ ਲੋਕ ਰੁਕੇ ਨਹੀਂ, ਜਿਸ ਕਰਕੇ ਦੁਸ਼ਮਣ ਨੇ ਉਨ੍ਹਾਂ ਨੂੰ ਹਰਾਉਣ ਦੇ ਹੋਰ ਤਰੀਕੇ ਵਰਤੇ।

## ਪ੍ਰਾਸੰਗਿਕਤਾ

### ਅਸਰਦਾਇਕ ਲੀਡਰਸ਼ਿਪ: ਤਿਆਰੀ ਅਤੇ ਵਿਸ਼ਲੇਸ਼ਣ (ਅਧਿਆਇ 4)

ਅਸਰਦਾਇਕ ਲੀਡਰ ਟੀਚਾ ਹਾਸਿਲ ਕਰਨ ਵਾਲੇ ਲੋਕ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਹ ਕੀ ਹਾਸਿਲ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਉਨ੍ਹਾਂ ਨੂੰ ਅਜਿਹੀਆਂ ਔਕੜਾਂ ਆਉਣਗੀਆਂ ਜਿਹੜੀਆਂ ਨਜ਼ਰ ਨਹੀਂ ਆਉਂਦੀਆਂ ਪਰ ਉਨ੍ਹਾਂ ਉੱਤੇ ਜਿੱਤ ਪਾਉਣੀ ਹੈ ਅਤੇ ਅਜਿਹੀਆਂ ਮੁਸ਼ਕਿਲਾਂ ਜਿਨ੍ਹਾਂ ਦੀ ਉਮੀਦ ਨਹੀਂ, ਉਨ੍ਹਾਂ ਦਾ ਹੱਲ ਕਰਨਾ ਹੈ। ਕਿਉਂ? ਕਿਉਂਕਿ ਜ਼ਿੰਦਗੀ ਬੜੀ ਉਲਝਣਾਂ ਭਰੀ ਹੈ! ਸਾਨੂੰ ਹਮੇਸ਼ਾ ਚੜ੍ਹਨ ਲਈ ਪਹਾੜੀਆਂ, ਸਾਹਮਣਾ ਕਰਨ ਲਈ ਦੁਸ਼ਮਣ ਅਤੇ ਸਹਿਣ ਲਈ ਸੰਘਰਸ਼ ਮਿਲਣਗੇ। ਮਹੱਤਵ ਦੀ ਕਿਸੇ ਵੀ ਚੀਜ਼ ਨੂੰ ਅਸਾਨੀ ਨਾਲ ਹਾਸਿਲ ਨਹੀਂ ਕੀਤਾ ਜਾ ਸਕਦਾ। ਮਸੀਹੀ ਨਜ਼ਰੀਏ ਤੋਂ, ਜਿਹੜੇ ਲੋਕ ਪ੍ਰਭੂ ਲਈ ਕੰਮ ਕਰਦੇ ਹਨ

ਉਨ੍ਹਾਂ ਨੂੰ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ, ਕਿਉਂ ਜੋ ਸਾਡਾ ਵਿਰੋਧੀ ਸ਼ਤਾਨ ਸਾਡਾ ਵਿਰੋਧ ਕਰਨ ਦਾ ਕੋਈ ਨਾ ਕੋਈ ਤਰੀਕਾ ਲੱਭ ਹੀ ਲਵੇਗਾ।

ਨਹਮਯਾਹ ਦੀ ਲੀਡਰਸ਼ਿਪ ਦਾ ਇਕ ਪ੍ਰਭਾਵਸ਼ਾਲੀ ਗੁਣ ਇਹ ਹੈ ਕਿ ਉਹ ਆਪਣੇ ਸਾਹਮਣੇ ਆਈਆਂ ਔਕੜਾਂ ਤੇ ਫ਼ਤਹਿ ਪਾ ਸਕਦਾ ਸੀ। ਉਹ ਔਕੜਾਂ ਭਾਵੇਂ ਉਸ ਦੇ ਹਾਲਾਤ ਦੇ ਕਾਰਣ ਪੈਦਾ ਹੋਈਆਂ, ਭਾਵੇਂ ਉਸ ਦੇ ਆਪਣੇ ਲੋਕਾਂ ਵੱਲੋਂ ਜਿਹੜੇ ਖ਼ੁਦਾ ਦੇ ਮਾਨਕਾਂ ਤੇ ਚੱਲ ਨਹੀਂ ਸਕੇ ਅਤੇ ਭਾਵੇਂ ਉਸ ਦਾ ਵਿਰੋਧ ਕਰਨ ਵਾਲੇ ਦੁਸ਼ਮਣਾਂ ਵੱਲੋਂ। ਉਸ ਨੇ ਇਹ ਕਿਵੇਂ ਕੀਤਾ? ਇਸ ਸਵਾਲ ਦਾ ਜਵਾਬ ਦੇ ਕੇ ਅਸੀਂ ਇਸ ਬਾਰੇ ਕੁਝ ਸਿੱਖਾਂਗੇ ਕਿ ਅੱਜ ਦੇ ਲੀਡਰ ਕਿਵੇਂ ਉਨ੍ਹਾਂ ਔਕੜਾਂ ਉੱਤੇ ਕਾਬੂ ਪਾ ਸਕਦੇ ਹਨ ਜਿਹੜੀਆਂ ਉਨ੍ਹਾਂ ਟੀਚਿਆਂ ਨੂੰ ਹਾਸਿਲ ਕਰਨ ਦੇ ਰਸ਼ਤੇ ਵਿਚ ਆਉਂਦੀਆਂ ਹਨ ਜਿਹੜੇ ਉਨ੍ਹਾਂ ਨੇ ਠਹਿਰਾਏ ਸਨ।

ਔਕੜਾਂ ਉੱਤੇ ਕਾਬੂ ਪਾਉਣ ਲਈ ਨਹਮਯਾਹ ਵੱਲੋਂ ਵਰਤੀਆਂ ਗਈਆਂ ਦੋ ਜੁਗਤਾਂ ਤਿਆਰੀ ਅਤੇ ਵਿਸ਼ਲੇਸ਼ਣ ਹੈ। ਉਹ ਉਸ ਨੂੰ ਕਰਨ ਲਈ ਦਿੱਤੇ ਕੰਮ ਨੂੰ ਕਰਨ ਲਈ ਤਿਆਰ ਸੀ ਅਤੇ ਉਸ ਨੇ ਉਸ ਮੁਸ਼ਕਿਲ ਨੂੰ ਹੱਲ ਕਰਨ ਲਈ ਪਹਿਲਾਂ ਉਸ ਦਾ ਵਿਸ਼ਲੇਸ਼ਣ ਕੀਤਾ।

*ਤਿਆਰੀ।* ਲੀਡਰ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਜਾਣਕਾਰੀ, ਸਮਝ ਅਤੇ ਹੁਨਰ ਨਾਲ ਪੂਰੀ ਤਰ੍ਹਾਂ ਨਾਲ ਤਿਆਰ ਹੋਣਾ ਜ਼ਰੂਰੀ ਹੈ। ਯਰੂਸ਼ਲਮ ਦੀ ਕੰਧ ਨੂੰ ਬਣਾਉਣ ਦੇ ਕੰਮ ਨੂੰ ਹੱਥ ਵਿਚ ਲੈਣ ਤੋਂ ਪਹਿਲਾਂ ਨਹਮਯਾਹ ''ਪਾਤਸ਼ਾਹ ਦਾ ਸਾਕੀ'' ਦੇ ਪ੍ਰਭਾਵਸ਼ਾਲੀ ਅਹੁਦੇ ਤੇ ਰਹਿੰਦਿਆਂ ਇਕ ਭਰੋਸੇਮੰਦ ਵਿਅਕਤੀ ਦੇ ਰੂਪ ਵਿਚ ਆਪਣੇ ਆਪ ਨੂੰ ਪਹਿਲਾਂ ਹੀ ਸਾਬਿਤ ਕਰ ਚੁਕਿਆ ਸੀ (1:11)। ਯਹੂਦੀਆਂ ਨੂੰ ਆਪਣੇ ਕੰਮ ਵਿਚ ਅਗਵਾਈ ਦਿੰਦਿਆਂ ਉਸਨੇ ਉਸ ਗਿਆਨ, ਸਮਝ ਅਤੇ ਹੁਨਰ ਨੂੰ ਵਿਖਾਇਆ ਜਿਹੜਾ ਉਸ ਕੰਮ ਨੂੰ ਪੂਰਾ ਕਰਨ ਲਈ ਜ਼ਰੂਰੀ ਸੀ।

ਅੱਜ ਦੇ ਆਗੂਆਂ ਨੂੰ ਤਿਆਰੀ ਦੀ ਲੋੜ ਹੈ ਅਤੇ ਤਿਆਰੀ ਵਿਚ ਬਿਤਾਇਆ ਗਿਆ ਸਮਾਂ ਅਜਾਈਂ ਨਹੀਂ ਜਾਂਦਾ। ਤਰਖਾਣ ਲੋਕ ਆਮ ਤੌਰ ਤੇ ਆਖਦੇ ਹਨ, ''ਮਾਪੋ ਦੋ ਵਾਰੀ, ਕੱਟੋ ਇੱਕੋ ਵਾਰੀ।'' ਇਹ ਯਕੀਨੀ ਬਣਾਉਣ ਲਈ ਕਿ ਮਾਪਣ ਵਿਚ ਲਾਇਆ ਗਿਆ ਵਾਧੂ ਸਮਾਂ ਵਿਅਰਥ ਨਹੀਂ ਗਿਆ, ਇਹ ਪੱਕਾ ਹੋ ਜਾਣ ਦਵੇ ਕਿ ਚੀਰਾ ਬਿਲਕੁਲ ਸਹੀ ਹੋਵੇਗਾ ਅਤੇ ਕੁਝ ਵੀ ਵੇਸਟ ਨਹੀਂ ਹੋਵੇਗਾ। ਘੰਟਿਆਂ ਦੀ ਪੜ੍ਹਾਈ, ਅਧਿਐਨ, ਸਿੱਖਿਆ ਅਤੇ ਸ਼ਗਿਰਦੀ ਸੰਭਾਵੀ ਲੀਡਰਾਂ ਨੂੰ ਵੱਡੇ ਵੱਡੇ ਕੰਮ ਕਰਨ ਲਈ ਤਿਆਰ ਕਰ ਦਿੰਦੀ ਹੈ। ਦੂਜੇ ਲੀਡਰਾਂ ਨੂੰ ਵੇਖ ਕੇ ਅਤੇ ਲੋਕਾਂ ਨੂੰ ਜਾਣ ਕੇ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।

ਬਾਈਬਲ ਵਿਚ ਲੀਡਰਾਂ ਨੇ ਤਿਆਰੀ ਲਈ ਬਹੁਤ ਸਮਾਂ ਲਾਇਆ। ਅੱਸੀ ਸਾਲਾਂ ਤਕ ਖ਼ੁਦਾ ਮੂਸਾ ਨੂੰ ਉਸ ਕੰਮ ਨੂੰ ਕਰਨ ਲਈ ਤਿਆਰ ਕਰਦਾ ਰਿਹਾ ਜਿਹੜਾ ਉਸ ਤੋਂ ਕਰਵਾਉਣ ਲਈ ਉਸ ਨੂੰ ਚੁਣਿਆ ਸੀ। ਯਿਸੂ ਦੀ ਤਿੰਨ ਸਾਲਾਂ ਦੀ ਸੇਵਕਾਈ ਤੋਂ ਪਹਿਲਾਂ ਤੀਹ ਸਾਲਾਂ ਦੀ ਤਿਆਰੀ ਸੀ। ਯਿਸੂ ਨੇ ਜਾਣ ਬੁੱਝ ਕੇ ਉਨ੍ਹਾਂ ਤਿੰਨ ਸਾਲਾਂ ਦੌਰਾਨ ਆਪਣੇ ਰਸੂਲਾਂ ਨੂੰ ਚੁਣਿਆ ਅਤੇ ਸਿਖਲਾਈ ਦਿੱਤੀ। ਆਪਣੇ ਸੁਰਗ ਵਿਚ ਉਠਾ ਲਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਕਲੀਸੀਆ ਦੀ ਅਗਵਾਈ ਦੇ ਯੋਗ ਬਣਾਉਣ ਤੋਂ ਬਾਅਦ ਇਸ ਤਰ੍ਹਾਂ ਰਸੂਲਾਂ ਨੂੰ ਉਸ ਕੰਮ ਨੂੰ ਕਰਨ ਲਈ ਜਿਹੜਾ ਉਨ੍ਹਾਂ ਨੂੰ ਦਿੱਤਾ ਗਿਆ, ਪੂਰੀ ਤਰ੍ਹਾਂ ਨਾਲ ਤਿਆਰ ਕੀਤਾ ਗਿਆ। ਬਦਲੇ ਵਿਚ ਜਦ ਉਨ੍ਹਾਂ ਨੇ ਕਲੀਸੀਆ ਦੇ ਸੰਗਠਨ ਲਈ ਨਿਰਦੇਸ਼ ਦਿੱਤੇ ਤਾਂ ਉਨ੍ਹਾਂ ਨੇ ਇਹ ਤੈਅ ਕੀਤਾ ਕਿ ਸਥਾਨਕ ਮੰਡਲੀਆਂ ਦੇ ਆਗੂ ''ਐਲਡਰ'' ਹੋਣਗੇ। ਭਾਵ ਉਹ ਆਦਮੀ ਜਿਹੜੇ ਜ਼ਿੰਦਗੀ ਦੇ ਆਪਣੇ ਚਰਣ ਅਤੇ ਸਾਲਾਂ ਦੀ ਸੇਵਾ ਕਰਕੇ, ਖ਼ੁਦਾ ਦੇ ਇੱਜੜ ਨੂੰ ਚਰਾਉਣ ਲਈ ਚੰਗੀ ਤਰ੍ਹਾਂ ਨਾਲ ਤਿਆਰ ਹੋਣ।

ਕਲੀਸੀਆ ਵਿਚ ਲੀਡਰ ਬਣਨ ਲਈ ਮਸੀਹੀ ਲੋਕਾਂ ਨੂੰ ਤਿਆਰੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਖ਼ੁਦਾ ਅਗਵਾਈ ਕਰਨ ਦਾ ਮੌਕਾ ਮਿਲਣ ਤੇ ਚੰਗੀ ਸਿੱਖਿਆ ਲੈਣਾ, ਬਹੁਤ ਪੜ੍ਹਨਾ

ਅਤੇ ਧਿਆਨ ਨਾਲ ਵੇਖਣਾ, ਉਪਯੋਗੀ ਅਨੁਭਵ ਪਾਉਣ ਦੇ ਮੌਕਿਆਂ ਦੀ ਤਲਾਸ਼ ਕਰਨਾ ਅਤੇ ਉਸ ਕੰਮ ਨੂੰ ਕਰਨ ਲਈ ਜ਼ਰੂਰੀ ਹੁਨਰ ਹਾਸਿਲ ਕਰਨਾ ਫਾਇੰਦੇਮੰਦ ਹੁੰਦਾ ਹੈ। ਉਨ੍ਹਾਂ ਨੂੰ ਤਰਕ ਦੇਣ ਦੀ ਯੋਗਤਾ ਨੂੰ ਵਿਕਸਿਤ ਕਰਨਾ, ਕਿਸੇ ਸਵਾਲ ਦੇ ਦੋਹਾਂ ਪਹਿਲੂਆਂ ਨੂੰ ਵੇਖਣਾ ਅਤੇ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਕਿਵੇਂ ਤੈਅ ਕੀਤਾ ਜਾਵੇ ਕਿ ਕਿਹੜਾ ਵਿਚਾਰ ਤਸੱਲੀ ਦੇਣ ਵਾਲਾ ਹੈ। ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਮਸੀਹੀ ਫ਼ਜ਼ਲ ਜੋੜਨੇ ਚਾਹੀਦੇ ਹਨ ਤਾਂ ਜੋ ਉਹ ਅਗਵਾਈ ਕਰਨ ਦੇ ਯੋਗ ਹੋਣ (ਗਲਾਤੀਆਂ 5:22, 23; 2 ਪਤਰਸ 1:5–11)।

*ਵਿਸ਼ਲੇਸ਼ਣ।* ਨਹਮਯਾਹ ਨੇ ਲੀਡਰਸ਼ਿਪ ਦੀ ਆਪਣੀ ਭੂਮਿਕਾ ਲਈ ਤਿਆਰੀਆਂ ਕਰਨ ਤੋਂ ਇਲਾਵਾ ਕੰਮ ਕਰਨ ਤੋਂ ਪਹਿਲਾਂ ਵਿਸ਼ਲੇਸ਼ਣ ਕੀਤਾ। ਇਕ ਪ੍ਰਭਾਵਸ਼ਾਲੀ ਲੀਡਰ ਕਿਸੇ ਮੁਸ਼ਕਿਲ ਦਾ ਹੱਲ ਕਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਉਸ ਦਾ ਨਿਰੀਖਣ ਕਰਦਾ ਹੈ। ਨਹਮਯਾਹ ਨੇ ਕਈ ਮੌਕਿਆਂ ਤੇ ਇਸ ਗੁਣ ਨੂੰ ਵਿਖਾਇਆ। ਪਹਿਲੀ ਵਾਰ ਜਦ ਉਸ ਨੂੰ ਕੰਧ ਦੇ ਢਹਿ ਜਾਣ ਦੀ ਗੱਲ ਦੱਸੀ ਗਈ ਤਾਂ ਉਹ ਦੁਖੀ ਹੋਇਆ ਅਤੇ ਰੋਇਆ ਸੀ; ਪਰ ਉਸ ਨੇ ਕਈ ਮਹੀਨਿਆਂ ਤਕ ਫ਼ਾਰਸੀ ਰਾਜੇ ਤਕ ਇਹ ਗੱਲ ਨਹੀਂ ਪਹੁੰਚਣ ਦਿੱਤੀ। ਕਿਉਂ? ਕਿਉਂ ਜੋ ਉਹ ਹਾਲਾਤ ਦਾ ਜਾਇਜ਼ਾ ਲੈ ਰਿਹਾ ਸੀ, ਯੋਜਨਾਵਾਂ ਬਣਾ ਰਿਹਾ ਸੀ ਅਤੇ ਇਹ ਫ਼ੈਸਲਾ ਕਰ ਰਿਹਾ ਸੀ ਕਿ ਯਰੂਸ਼ਲਮ ਨੂੰ ਜਾ ਕੇ ਆਪਣੇ ਦੇਸ਼ਵਾਸੀਆਂ ਦੀ ਉਸ ਮੁਸ਼ਕਿਲ ਦਾ ਹੱਲ ਕਰਨ ਵਿਚ ਮਦਦ ਕਰਨ ਲਈ ਰਾਜਾ ਅਰਤਹਸ਼ਸ਼ਤਾ ਕੋਲ ਕਿਵੇਂ ਜਾਵੇ। ਯਰੂਸ਼ਲਮ ਵਿਚ ਪਹੁੰਚਣ ਤੋਂ ਬਾਅਦ, ਨਹਮਯਾਹ ਨੇ ਲੋਕਾਂ ਨੂੰ ਉਸ ਨੂੰ ਬਣਾਉਣ ਲਈ ਕਹਿਣ ਤੋਂ ਪਹਿਲਾਂ ਰਾਤ ਨੂੰ ਹਾਲਾਤ ਦਾ ਜਾਇਜ਼ਾ ਲਿਆ (2:11–16)। ਲੋਕਾਂ ਵੱਲੋਂ ਕੰਧ ਨੂੰ ਬਣਾ ਲੈਣ ਤੇ ਉਨ੍ਹਾਂ ਨੂੰ ਦੁਸ਼ਮਣਾਂ ਵੱਲੋਂ ਧਮਕੀਆਂ ਮਿਲੀਆਂ। ਨਹਮਯਾਹ ਨੇ ਉਸ ਧਮਕੀ ਨੂੰ ਗੰਭੀਰਤਾ ਨਾਲ ਲਿਆ, ਇਸ ਬਾਰੇ ਖ਼ੁਦਾ ਅੱਗੇ ਦੁਆ ਕੀਤੀ ਅਤੇ ਇਸ ਨੂੰ ਦੂਰ ਕਰਨ ਲਈ ਇਕ ਜੁਗਤ ਲਗਾਈ (4:1–23)। ਜਦ ਉਸ ਨੂੰ ਪਤਾ ਲੱਗਾ ਕਿ ਅਮੀਰ ਯਹੂਦੀ ਪੈਸਾ ਉਧਾਰ ਦੇ ਕੇ, ਵਿਆਜ ਲਾ ਕੇ ਅਤੇ ਉਨ੍ਹਾਂ ਦਾ ਸਮਾਨ ਕਬਜ਼ੇ ਵਿਚ ਲੈ ਕੇ ਗ਼ਰੀਬ ਯਹੂਦੀਆਂ ਨੂੰ ਲੁੱਟ ਹਰੇ ਸਨ, ਤਾਂ ਉਹ ''ਬਹੁਤ ਨਾਰਾਜ਼'' ਹੋਇਆ (5:6)। ਪਰ ਉਸ ਨੇ ਕਾਹਲ਼ੀ ਵਿਚ ਕੋਈ ਕੰਮ ਨਹੀਂ ਕੀਤਾ। ਬਲਕਿ ਉਸ ਨੇ ਆਪਣੇ ਮਨ ਵਿਚ ''ਸੋਚਿਆ'' (5:7) ਭਾਵ ਉਸ ਨੇ ਮੁਸ਼ਕਿਲ ਦਾ ਹੱਲ ਕਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਮਾਮਲੇ ਤੇ ਵਿਚਾਰ ਕੀਤਾ। ਆਪਣੇ ਮਨ ਵਿਚ ''ਸੋਚਣ'' ਅਤੇ ਆਪਣੇ ਵਿਚਾਰ ਵਟਾਂਦਰੇ ਅਤੇ ਆਪਣੇ ਵਿਸ਼ਲੇਸ਼ਣ ਤੋਂ ਬਾਅਦ ਉਸ ਨੇ ਸਿਆਣਪ ਨਾਲ ਕੰਮ ਕੀਤਾ।

ਨਹਮਯਾਹ ਨੇ ਅੱਜ ਦੇ ਲੀਡਰਾਂ ਲਈ ਚੰਗੀ ਮਿਸਾਲ ਪੇਸ਼ ਕੀਤੀ। ਇਹ ਲਗਭਗ ਨਿਯਮ ਹੀ ਲਗਦਾ ਹੈ ਕਿ ਗੁੱਸੇ ਵਿਚ ਕੰਮ ਕਰਨ ਵਾਲਾ ਲੀਡਰ ਬਾਅਦ ਵਿਚ ਆਪਣੀ ਕਾਰਵਾਹੀ ਤੇ ਪਛਤਾਵੇਗਾ। ਉਹਦਾ ਗੁੱਸਾ ਭਾਵੇਂ ਕਿੰਨਾਂ ਵੀ ਜਾਇਜ਼ ਕਿਉਂ ਨਾ ਹੋਵੇ, ਕਾਰਵਾਹੀ ਕਰਨ ਤੋਂ ਪਹਿਲਾਂ ਇਸ ਨੂੰ ਘੱਟ ਕਰਨ ਲਈ ਸਲਾਹ ਲੈ ਲੈਣਾ ਚੰਗਾ ਹੁੰਦਾ ਹੈ। ਬਾਈਬਲ ਦੱਸਦੀ ਹੈ, ''ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ, ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ! ਅਤੇ ਨਾ ਸ਼ਤਾਨ ਨੂੰ ਥਾਂ ਦਿਓ!'' (ਅਫ਼ਸੀਆਂ 4:26, 27); ''ਬੋਲਣ ਵਿਚ ਧੀਰਾ ਅਤੇ ਕ੍ਰੋਧ ਵਿਚ ਵੀ ਧੀਰਾ ਹੋਵੇ। ਕਿਉਂ ਜੋ ਮਨੁੱਖ ਦਾ ਕ੍ਰੋਧ ਪਰਮੇਸ਼ੁਰ ਦੇ ਧਰਮ ਦਾ ਕੰਮ ਨਹੀਂ ਕਰਦਾ'' (ਯਾਕੂਬ 1:19, 20)।

ਇਕ ਹੋਰ ਆਮ ਅਰਥ ਵਿਚ ਕਿਸੇ ਲੀਡਰ ਲਈ ਯੋਜਨਾਵਾਂ ਬਣਾਉਣ ਤੋਂ ਪਹਿਲਾਂ ਹਰ ਹਾਲਾਤ ਦਾ ਜਾਇਜ਼ਾ ਧਿਆਨ ਨਾਲ ਲੈਣਾ ਜ਼ਰੂਰੀ ਹੈ। ਉਸ ਨੂੰ ਆਪਣੇ ਆਪ ਤੋਂ ਇਹੋ ਜਿਹੇ ਸਵਾਲ ਪੁੱਛਣੇ ਚਾਹੀਦੇ ਹਨ: ''ਇਸ ਨੂੰ ਹਾਸਿਲ ਕਰਨ ਲਈ ਸਾਨੂੰ ਕੀ ਕੀ ਚਾਹੀਦਾ ਹੈ?''; ''ਇਸ ਟੀਚੇ ਨੂੰ ਹਾਸਿਲ ਕਰਨ ਲਈ ਸਾਡੇ ਕੋਲ ਕੀ ਕੀ ਹੈ?''; ''ਆਪਣੇ ਟੀਚੇ ਨੂੰ ਹਾਸਿਲ ਕਰਨ ਲਈ ਸਾਡੇ ਰਾਹ ਵਿਚ ਕੀ ਕੀ ਰੋੜੇ ਹਨ ਅਤੇ ਉਨ੍ਹਾਂ ਨੂੰ ਕਿਵੇਂ ਹਟਾਇਆ ਜਾ ਸਕਦਾ ਹੈ?''; ''ਉਨ੍ਹਾਂ ਅੜਚਨਾਂ ਨੂੰ ਧਿਆਨ ਵਿਚ ਰੱਖਦਿਆਂ ਕੀ ਸਾਨੂੰ ਆਪਣੇ ਕੰਮ ਜਾਂ ਆਪਣੀਆਂ ਯੋਜਨਾਵਾਂ ਬਦਲ ਲੈਣੀਆਂ ਚਾਹੀਦੀਆਂ ਹਨ?''

ਵਿਸ਼ਲੇਸ਼ਣ ਦੇ ਪੂਰਾ ਹੋ ਜਾਣ ਦੇ ਬਾਅਦ ਉਹ ਉਸ ਮਕਸਦ ਨੂੰ ਹਾਸਿਲ ਕਰਨ ਲਈ ਫ਼ੈਸਲਾਕੁਨ ਢੰਗ ਨਾਲ ਕੰਮ ਕਰ ਸਕਦਾ ਹੈ ਅਤੇ ਉਸ ਨੂੰ ਕਰਨਾ ਚਾਹੀਦਾ ਹੈ।

**ਮਿਸਾਲ ਦੇ ਰੂਪ ਵਿਚ ਨਹਮਯਾਹ (ਅਧਿਆਇ 4)**

ਨਹਮਯਾਹ ਵਿਚ ਤਾਰੀਫ਼ ਦੇ ਯੋਗ ਕਈ ਗੁਣ ਸਨ ਜਿਨ੍ਹਾਂ ਦੀ ਨਕਲ ਕੀਤੀ ਜਾਣੀ ਫ਼ਾਇਦੇਮੰਦ ਹੈ।

*ਇਕ ਜ਼ਿੰਮੇਵਾਰ ਆਦਮੀ।* ਯਹੂਦਾਹ ਵਿਚ ਆਉਣ ਤੋਂ ਪਹਿਲਾਂ ਨਹਮਯਾਹ ਨੇ ਆਪਣੇ ਆਪ ਨੂੰ ਭਰੋਸੇ ਦੇ ਯੋਗ ਸਾਬਿਤ ਕੀਤਾ ਸੀ ਅਤੇ ਰਾਜੇ ਦੇ ਸਾਥੀ ਦੇ ਰੂਪ ਵਿਚ ਕੰਮ ਕੀਤਾ ਸੀ (1:11)। ਯਹੂਦੀਆਂ ਨੂੰ ਚਲਾਉਣ ਲਈ ਯਰੂਸ਼ਲਮ ਜਾ ਕੇ ਉਹ ਆਪਣੇ ਫ਼ਰਜ਼ਾਂ ਨੂੰ ਵਫ਼ਾਦਾਰੀ ਨਾਲ ਨਿਭਾਉਂਦਾ ਰਿਹਾ।

*ਸੂਖਮ ਦ੍ਰਿਸ਼ਟੀ ਵਾਲਾ ਵਿਅਕਤੀ।* ਨਹਮਯਾਹ ਇਹ ਸੁਣ ਕੇ ਬੜਾ ਪਰੇਸ਼ਾਨ ਹੋ ਗਿਆ ਕਿ ਯਰੂਸ਼ਲਮ ਦੀਆਂ ਕੰਧਾਂ ਢੱਠ ਗਈਆਂ ਹਨ ਅਤੇ ਖੰਡਰ ਬਣੀਆਂ ਪਈਆਂ ਹਨ (1:3) ਪਰ ਫਿਰ ਉਸ ਨੇ ਸ਼ਹਿਰ ਦੀ ਬਹਾਲੀ ਦੀ ਕਲਪਨਾ ਕੀਤੀ (2:5)। ਉਸ ਦਾ ਮੰਨਣਾ ਸੀ ਕਿ ਖ਼ੁਦਾ ਦੀ ਮਦਦ ਨਾਲ ਯਹੂਦੀ ਲੋਕ ਸ਼ਹਿਰ ਨੂੰ ਫੇਰ ਤੋਂ ਬਣਾ ਸਕਦੇ ਹਨ।

*ਦੁਆ ਕਰਨ ਵਾਲਾ ਬੰਦਾ।* ਜਦ ਪਹਿਲੀ ਵਾਰ ਨਹਮਯਾਹ ਨੂੰ ਯਰੂਸ਼ਲਮ ਦੀ ਹਾਲਤ ਦਾ ਪਤਾ ਲੱਗਾ ਤਾਂ ਉਹ ਦੁਆ ਵਿਚ ਖ਼ੁਦਾ ਦੇ ਅੱਗੇ ਗਿਆ (1:5–11)। ਉਸ ਨੇ ਯਹੋਵਾਹ ਤੋਂ ਅਗਵਾਈ ਅਤੇ ਤਾਕਤ ਮੰਗੀ, ਉਦੋਂ ਵੀ ਜਦੋਂ ਓਹ ਰਾਜੇ ਦੇ ਸਾਹਮਣੇ ਗਿਆ (2:4)। ਨਹਮਯਾਹ ਨੇ ਯਹੂਦੀਆਂ ਦੇ ਦੁਸ਼ਮਣਾਂ ਤੋਂ ਬਚਾਅ ਲਈ ਵੀ ਖ਼ੁਦਾ ਤੋਂ ਮਦਦ ਮੰਗੀ (4:4, 5, 9)।

*ਕਾਰਵਾਹੀ ਕਰਨ ਵਾਲਾ ਅਤੇ ਸਹਿਯੋਗ ਕਰਨ ਵਾਲਾ ਆਦਮੀ।* ਨਹਮਯਾਹ ਨੇ ਲੋਕਾਂ ਨੂੰ ਸਮਝਾਇਆ ਕਿ ਉਨ੍ਹਾਂ ਨੂੰ ਕੀ ਕਰਨ ਦੀ ਲੋੜ ਹੈ (2:17; 4:13) ਅਤੇ ਫਿਰ ਉਨ੍ਹਾਂ ਨੂੰ ਉਹ ਕਰਨ ਲਈ ਦਲੇਰ ਕੀਤਾ (2:18; 4:14)। ਉਹ ਨੂੰ ਸੰਗਠਿਤ ਕਰਨ ਦਾ ਦਾਨ ਸੀ ਇਸ ਵਿਚ ਉਸ ਨੇ ਕੰਧ ਬਣਾਉਣ ਵਿਚ ਅਗਵਾਈ ਕੀਤੀ (3:1–32) ਅਤੇ ਆਪਣੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ (4:12–23)।

*ਰਹਿਮਦਿਲ ਆਦਮੀ।* ਨਹਮਯਾਹ ਨੇ ਯਹੂਦਾਹ ਦੇ ਹਾਕਮ ਦੇ ਤੌਰ ਤੇ ਆਪਣੇ ਹੱਕਾਂ ਦੀ ਦੁਰਵਰਤੋਂ ਨਹੀਂ ਕੀਤੀ (5:18), ਬਲਕਿ ਇਸ ਦੇ ਉਲਟ ਉਸ ਨੇ ਲੋਕਾਂ ਦੇ ਹਿੱਤ ਵਿਚ ਕੰਮ ਕੀਤਾ। ਉਸ ਨੇ ਅਮੀਰ ਯਹੂਦੀਆਂ ਨੂੰ ਝਾੜਿਆ ਜਿਹੜੇ ਆਪਣੇ ਗ਼ਰੀਬ ਭਰਾਵਾਂ ਨਾਲ ਨਜਾਇਜ਼ ਕਰ ਰਹੇ ਸਨ (5:8)। ਖ਼ੁਦਾ ਦਾ ਖ਼ੌਫ਼ ਰੱਖਦੇ ਹੋਏ ਉਸਨੇ ਰਹਿਮ ਭਰੇ ਦਿਲ ਨਾਲ ਕੰਮ ਕੀਤੇ (5:9, 15)।

*ਇਕ ਅਜਿਹਾ ਆਦਮੀ ਜਿਸ ਨੇ ਵਿਰੋਧ ਉੱਤੇ ਫ਼ਤਹਿ ਪਾਈ।* ਯਹੂਦੀਆਂ ਦੇ ਦੁਸ਼ਮਣਾਂ ਨੇ ਉਨ੍ਹਾਂ ਨੂੰ ਧਮਕਾਉਣ ਲਈ ਹਰ ਹੀਲਾ ਵਰਤਿਆ। ਉਨ੍ਹਾਂ ਨੇ ਉਸਾਰੀ ਦੇ ਕੰਮ ਵਿਚ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਮਜ਼ਾਕ ਉਡਾਇਆ (2:19; 4:1–3)। ਇਹ ਆਖ ਕੇ ਕਿ ਉਹ ਫ਼ਾਰਸੀ ਹਕੂਮਤ ਦੇ ਖ਼ਿਲਾਫ਼ ''ਆਕੀ ਹੋਣ ਦਾ ਮਤਾ'' ਪਕਾ ਰਹੇ ਸਨ, ਉਨ੍ਹਾਂ ਨੇ ਯਹੂਦੀਆਂ ਦੀ ਬਦਖੋਈ ਕੀਤੀ (6:5–7)। ਗਲਤ ਸਲਾਹ ਦੇਣ ਲਈ ਉਨ੍ਹਾਂ ਨੇ ਨਬੀ ਵੀ ਕਿਰਾਏ ਤੇ ਲਏ (6:10–14)। ਨਹਮਯਾਹ ਨੇ ਇਨ੍ਹਾਂ ਚਲਾਕੀਆਂ ਦਾ ਜਵਾਬ ਦੁਆ (4:4), ਵੱਡੀ ਕੋਸ਼ਿਸ਼ (4:6), ਚੌਕਸੀ (4:9) ਅਤੇ ਖ਼ੁਦਾ ਵਿਚ ਭਰੋਸੇ (4:14) ਨਾਲ ਦਿੱਤਾ।

*ਸਹੀ ਪ੍ਰੇਰਣਾ ਦੇਣ ਵਾਲਾ ਆਦਮੀ।* ਨਹਮਯਾਹ ਦਾ ਮੁੱਖ ਮਕਸਦ ਤਾਰੀਫ਼ ਪਾਉਣਾ ਜਾਂ ਦੂਜਿਆਂ ਵੱਲੋਂ ਯਾਦ ਕੀਤੇ ਜਾਣਾ ਨਹੀਂ ਸੀ ਬਲਕਿ ਉਹਦੀ ਦਿਲਚਸਪੀ ਖ਼ੁਦਾ ਨੂੰ ਭਾਉਣ ਵਿਚ ਵਧੇਰੇ ਸੀ। ਕਿਤਾਬ ਵਿਚ ਉਸ ਦੇ ਆਖ਼ਰੀ ਸ਼ਬਦ ਹਨ ''ਹੇ ਮੇਰੇ ਪਰਮੇਸ਼ੁਰ ਭਲਿਆਈ ਲਈ ਮੈਨੂੰ ਚੇਤੇ ਕਰ'' (13:31; ਵੇਖੋ 5:19; 13:14, 22, 29)।[17]

**ਚੌਕਸੀ ਦੀ ਲੋੜ** (4: 16-23)

''ਅਜ਼ਾਦੀ ਦੀ ਕੀਮਤ ਅਨਾਦੀ ਚੌਕਸੀ ਹੈ।''[18] ਇਸ ਅਖਾਣ ਨੂੰ ਨਹਮਯਾਹ 4 ਵਿਚ, ਉਸ ਵੇਰਵੇ ਵਿਚ ਕਿ ਯਰੂਸ਼ਲਮ ਦੀ ਕੰਧ ਬਣਾਉਂਦਿਆਂ ਯਹੂਦੀਆਂ ਨੇ ਕਿਵੇਂ ਬਾਰ-ਬਾਰ ਦੇ ਵਿਰੋਧ ਨਾਲ ਅਤੇ ਹਮਲੇ ਦੀਆਂ ਧਮਕੀਆਂ ਨਾਲ ਚੰਗੀ ਤਰ੍ਹਾਂ ਸਮਝਾਇਆ ਅਤੇ ਨਜਿੱਠਿਆ ਗਿਆ ਹੈ।

ਅੱਧੇ ਲੋਕਾਂ ਨੂੰ ਕੰਮ ਕਰਦੇ ਰਹਿਣ ਜਦ ਕਿ ਬਾਕੀ ਦੇ ਅੱਧਿਆਂ ਨੂੰ ਰਖਵਾਲੀ ਕਰਨ ਲਈ ਖੜੇ ਰਹਿਣ ਲਈ ਆਖ ਕੇ ਨਹਮਯਾਹ ਨੇ ਇਸ ਪ੍ਰੋਜੈਕਟ ਦੀ ਰਖਵਾਲੀ ਕੀਤੀ। ਉਸ ਨੇ ਲੋਕਾਂ ਨੂੰ ਆਪਣੇ ਹਥਿਆਰ ਆਪਣੇ ਕੋਲ ਰੱਖ ਕੇ ਕੰਮ ਕਰਨ ਲਈ ਆਖਿਆ, ਦੁਸ਼ਮਣ ਦੇ ਹਮਲਾ ਕਰਨ ਤੇ ਕੰਧ ਦੇ ਕਿਸੇ ਵੀ ਹਿੱਸੇ ਤੇ ਟੁਕੜੀਆਂ ਇਕੱਠੀਆਂ ਕਰਨ ਲਈ ਨਗਾੜਾ ਵਜਾਉਣ ਲਈ ਇਕ ਨਰਸਿੰਗਾ ਫੂਕਣ ਵਾਲੇ ਦਾ ਦ੍ਰਿਸ਼ਟਾਂਤ ਦਿੱਤਾ ਅਤੇ ਉਨ੍ਹਾਂ ਨੂੰ ਜਿਹੜੇ ਸ਼ਹਿਰਪਨਾਹ ਤੋਂ ਬਾਹਰ ਰਹਿੰਦੇ ਸਨ ਆਪਣੀਆਂ ਰਾਤਾਂ ਰਾਤ ਵੇਲੇ ਦੇ ਹਮਲਿਆਂ ਤੋਂ ਰੱਖਿਆ ਵਿਚ ਮਦਦ ਲਈ ਸ਼ਹਿਰ ਦੇ ਅੰਦਰ ਕੱਟਣ ਲਈ ਆਖੀ। ਸਭ ਨਾਲੋਂ ਵਧਕੇ ਉਸਨੇ ਯਹੂਦੀਆਂ ਨੂੰ ਖ਼ੁਦਾ ਉੱਤੇ ਨਿਰਭਰ ਰਹਿਣ ਲਈ ਆਖਿਆ ਜਿਸ ਨੇ ਉਨ੍ਹਾਂ ਲਈ ਲੜਨਾ ਸੀ। ਯਹੂਦੀਆਂ ਨੂੰ ਕੱਪੜੇ ਪਾਈ ਅਰਾਮ ਕਰਨ ਲਈ ਆਖਿਆ ਗਿਆ, ਸੰਭਵ ਤੌਰ ਤੇ ਇਸ ਕਰਕੇ ਤਾਂ ਜੋ ਉਹ ਦੁਸ਼ਮਣਾਂ ਦੇ ਹਮਲੇ ਦਾ ਜਵਾਬ ਦੇਣ ਲਈ ਹਰ ਵੇਲੇ ਤਿਆਰ ਰਹਿਣ।

ਨਹਮਯਾਹ ਦੀ ਯੋਜਨਾ ਕੰਮ ਕਰ ਗਈ। ਇਹ ਪਤਾ ਲੱਗਣ ਤੇ ਕਿ ਉਹ ਪੂਰੀ ਤਰ੍ਹਾਂ ਨਾਲ ਤਿਆਰ ਹਨ, ਯਹੂਦੀਆਂ ਦੇ ਦੁਸ਼ਮਣਾਂ ਨੇ ਯਰੂਸ਼ਲਮ ਤੇ ਕਦੇ ਹਮਲਾ ਨਾ ਕੀਤਾ।

ਆਪਣੀ ਰੂਹਾਨੀ ਬੇਹਤਰੀ ਦੀ ਵਿਆਖਿਆ ਲਈ ਅਸੀਂ ''ਅਨਾਦੀ ਚੌਕਸੀ'' ਦੀ ਲੋੜ ਤੋਂ ਵਾਕਫ਼ ਹਾਂ। ਮਸੀਹੀ ਲੋਕਾਂ ਦੇ ਰੂਪ ਵਿਚ ਅਸੀਂ ਸਚਿਆਈ ਨੂੰ ਮੰਨਿਆ ਹੈ ਅਤੇ ਇਸ ਕਰਕੇ ਪਾਪ ਤੋਂ ''ਅਜ਼ਾਦ'' ਹੋਏ ਹਾਂ (ਯੂਹੰਨਾ 8: 32; ਰੋਮੀਆਂ 6: 17, 18)। ਪਰ ਸ਼ਤਾਨ ਸਾਨੂੰ ਆਪਣੇ ਵੱਸ ਵਿਚ ਵਾਪਸ ਲਿਆਉਣਾ ਚਾਹੁੰਦਾ ਹੈ ਅਤੇ ਉਹ ਸਾਨੂੰ ਫੇਰ ਤੋਂ ਪਾਪ ਦੇ ਗੁਲਾਮ ਬਣਾਉਣਾ ਚਾਹੁੰਦਾ ਹੈ।

ਅਸੀਂ ਆਪਣੀ ਅਜ਼ਾਦੀ ਨੂੰ ਬਰਕਰਾਰ ਕਿਵੇਂ ਰੱਖ ਸਕਦੇ ਹਾਂ? ਸ਼ਤਾਨ ਦੇ ਬਹਿਕਾਵਿਆਂ ਤੋਂ ''ਅਨਾਦੀ ਤੌਰ ਤੇ ਚੌਕਸ'' ਰਹਿ ਕੇ ਅਤੇ ਉਸ ਦੀਆਂ ਅਜ਼ਮਾਇਸ਼ਾਂ ਦਾ ਸਾਮ੍ਹਣਾ ਕਰਦੇ ਰਹਿ ਕੇ। ਜਦ ਅਸੀਂ ਇਹ ਸੋਚ ਲੈਂਦੇ ਹਾਂ ਕਿ ਅਸੀਂ ਅਜ਼ਮਾਇਸ਼ ਵਿਚ ਅਤੇ ਪਾਪ ਵਿਚ ਨਹੀਂ ਪੈ ਸਕਦੇ ਤਦੇ ਅਸੀਂ ਪਾਪ ਵਿਚ ਡਿੱਗਣ ਦੇ ਖ਼ਤਰੇ ਵਿਚ ਸਭ ਤੋਂ ਵੱਧ ਹੁੰਦੇ ਹਾਂ (1 ਕੁਰਿੰਥੀਆਂ 10: 12)। ਸਾਨੂੰ ਚੌਕਸ ਰਹਣ ਦੀ ਪਤਰਸ ਦੀ ਗੱਲ ਯਾਦ ਰੱਖਣੀ ਜ਼ਰੂਰੀ ਹੈ: ''ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ'' (1 ਪਤਰਸ 5:8)। ਜੇ ਅਸੀਂ ਚੌਕਸ ਹਾਂ ਅਤੇ ਸ਼ਤਾਨ ਦੇ ਬਹਿਕਾਵਿਆਂ ਤੋਂ ਖ਼ਬਰਦਾਰ ਹਾਂ, ਤਾਂ ਅਸੀਂ ਵੀ ਨਹਮਯਾਹ ਦੇ ਵਾਂਗ, ਆਪਣੇ ਦੁਸ਼ਮਣ ਨੂੰ ਭਜਾਉਣ ਵਿਚ ਕਾਮਯਾਹ ਹੋਵਾਂਗੇ। ਯਾਕੂਬ ਨੇ ਲਿਖਿਆ, ''ਸ਼ਤਾਨ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ'' (ਯਾਕੂਬ 4: 7)।

**''ਸਾਡੇ ਕੋਲ ਇਕੱਠੇ ਹੋਵੋ''** (4: 20)

ਯਰੂਸ਼ਲਮ ਦੇ ਬਚਾਅ ਦੀ ਨਹਮਯਾਹ ਦੀ ਯੋਜਨਾ ਦੇ ਮੁਤਾਬਕ ਜੇ ਦੁਸ਼ਮਣ ਕੰਧ ਦੇ ਕਿਸੇ ਵੀ ਹਿੱਸੇ ਤੇ ਹਮਲਾ ਕਰਦਾ ਤਾਂ ''ਨਰਸਿੰਗਾ'' ਫੂਕਿਆ ਜਾਣਾ ਸੀ, ਫਿਰ ਦੂਜੇ ਹਿੱਸੇ ਦੇ ਲੋਕਾਂ ਨੇ ਉਸ ਥਾਂ ''ਇਕੱਠੇ'' ਹੋ ਜਾਣਾ ਸੀ ਅਤੇ ਉਨ੍ਹਾਂ ਲੋਕਾਂ ਦੀ ਮਦਦ ਲਈ ਆਉਣਾ ਸੀ ਜਿਨ੍ਹਾਂ ਉੱਤੇ ਹਮਲਾ ਹੋ ਰਿਹਾ ਹੋਣਾ ਸੀ।

ਇਸੇ ਤਰ੍ਹਾਂ ਅੱਜ ਵੀ ਜਦ ਸ਼ਤਾਨ ਮਸੀਹ ਦੀ ਦੇਹ ਦੇ ਇਕ ਅੰਗ ਉੱਤੇ ਹਮਲਾ ਕਰਦਾ ਹੈ ਤਾਂ ਦੂਜਿਆਂ ਨੂੰ ਉਸ ਭਰਾ ਜਾਂ ਭੈਣ ਦੀ ਮਦਦ ਲਈ ਜਿਸ ਉੱਤੇ ਹਮਲਾ ਹੋ ਰਿਹਾ ਹੈ, ਇਕੱਠੇ ਹੋਣ ਦੀ ਲੋੜ ਹੈ। ਮਸੀਹੀ ਲੋਕ ਪਿਆਰ ਨਾਲ ਇਕ ਦੂਜੇ ਨਾਲ ਬੱਧੇ ਹਨ। ਜਦ ਇਕ ਦੁਖੀ ਹੁੰਦਾ ਹੈ ਤਾਂ ਸਭ

ਦੁਖੀ ਹੁੰਦੇ ਹਨ। ਜਦ ਇਕ ਮੁਸ਼ਕਿਲ ਵਿਚ ਹੁੰਦਾ ਹੈ, ਤਾਂ ਤਕਲੀਫ਼ ਸਾਰਿਆਂ ਅੰਗਾਂ ਨੂੰ ਹੁੰਦੀ ਹੈ। ''ਇਕ ਦੂਏ ਦਾ ਭਾਰ'' ਚੁੱਕਣ ਲਈ (ਗਲਾਤੀਆਂ 6:2), ਸਾਡੇ ਲਈ ਕਿਸੇ ਸਾਥੀ ਮਸੀਹੀ ਦੀ ਲੋੜ ਵਿਚ ਮਦਦ ਲਈ ਮੌਜੂਦ ਹੋਣਾ ਜ਼ਰੂਰੀ ਹੈ।

---

ਟਿੱਪਣੀਆਂ

[1]ਇਬਰਾਨੀ ਬਾਈਬਲ ਵਿਚ ਅਧਿਆਇ 4 ਦੀਆਂ ਪਹਿਲੀਆਂ ਛੇ ਆਇਤਾਂ ਅਧਿਆਇ 3 ਦੀਆਂ ਆਖ਼ਰੀ ਛੇ ਆਇਤਾਂ ਹਨ; ਇਬਰਾਨੀ ਬਾਈਬਲ ਵਿਚ ਉਹ 3:33–38 ਹਨ ਜਦਕਿ ਅਧਿਆਇ 4 ਦਾ ਅਰੰਭ ਉਸ ਤੋਂ ਹੁੰਦਾ ਹੈ ਜਿਸ ਨੂੰ ਅਸੀਂ 4:7 ਆਖਦੇ ਹਾਂ। [2]ਕੀਥ ਐਨ. ਸ਼ੋਵਿਲ ਦਾ ਮੰਨਣਾ ਸੀ ਕਿ ਸਾਮਰੀਆ ਦੇ ਹਾਕਮ ਕੋਲ ਐਨੀ ਵੱਡੀ ''ਫ਼ੌਜ'' ਨਹੀਂ ਹੋਵੇਗੀ (ਭਾਵੇਂ ਸਾਮਰੀਆ ਨੂੰ ਆਪਣੇ ਫ਼ਾਰਸੀ ਹਾਕਮਾਂ ਲਈ ਫ਼ੌਜੀ ਦਸਤੇ ਦੇਣੇ ਪੈਂਦੇ ਹੋ ਸਕਦੇ ਹਨ) ਅਤੇ ਇਹ ਕਿ ''ਸਨਬੱਲਟ ਦੇ ਨਾਲ ਹਥਿਆਰਬੰਦ ਬੰਦਿਆਂ ਦੀ ਟੁਕੜੀ ਹੁੰਦੀ ਹੋਵੇਗੀ, ਜੋ ਸ਼ਾਇਦ ਉਸਦੇ ਨਿੱਜੀ ਰਖਵਾਲੇ ਸਨ'' (ਕੀਥ ਐਨ. ਸ਼ੋਵਿਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 169)। [3]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 90. [4]ਨਵੇਂ ਨੇਮ ਵਿਚ, ਕੁਝ ਕੁਝ ਅਜਿਹਾ ਹੀ ਹੋਇਆ ਜਦ ਆਪਣੇ ਦੁਸ਼ਮਣਾਂ ਵੱਲੋਂ ਗਿਰਫ਼ਤਾਰ ਕੀਤੇ ਜਾਣ ਅਤੇ ਬਾਅਦ ਵਿਚ ਛੱਡ ਦਿੱਤੇ ਜਾਣ ਤੇ, ਰਸੂਲਾਂ ਨੇ ਦੁਆ ਵਿਚ ਅਗਵਾਈ ਕੀਤੀ ਜਿਸ ਵਿਚ ਉਨ੍ਹਾਂ ਨੇ ਆਪਣੇ ਵੈਰੀਆਂ ਦੇ ਮਾੜੇ ਕੰਮਾਂ ਦੀ ਗੱਲ ਕੀਤੀ ਅਤੇ ਫਿਰ ਖ਼ੁਦਾ ਨੂੰ ਆਖਿਆ ਕਿ ''ਉਨ੍ਹਾਂ ਦੀਆਂ ਧਮਕੀਆਂ ਨੂੰ ਵੇਖ'' (ਕਰਤੱਬ 4:29)। ਨਹਮਯਾਹ ਨੇ ਆਪ ਬਦਲਾ ਲੈਣ ਦੀ ਸਹੁੰ ਨਹੀਂ ਖਾਧੀ; ਲਗਦਾ ਹੈ ਕਿ ਉਸ ਨੂੰ ਇਸ ਸਚਿਆਈ ਦੀ ਸਮਝ ਸੀ ਕਿ ਬਦਲਾ ਲੈਣਾ ਖ਼ੁਦਾ ਦਾ ਕੰਮ ਹੈ (ਵੇਖੋ ਰੋਮੀਆਂ 12:19)। [5]ਹੋਰਨਾਂ ਸੰਸਕਰਣਾਂ ਵਿਚ ਇਸ ਵਾਕ ਅੰਸ਼ ਦਾ ਅਨੁਵਾਦ ਵੱਖੋ–ਵੱਖ ਕੀਤਾ ਗਿਆ ਹੈ: ''ਉਨ੍ਹਾਂ ਨੇ ਕਾਰੀਗਰਾਂ ਦੇ ਮੂੰਹ ਤੇ ਬੇਇੱਜ਼ਤੀ ਕੀਤੀ'' (NRSV); ''ਉਨ੍ਹਾਂ ਨੇ ਕਾਰੀਗਰਾਂ ਨੂੰ ਖੁੱਲ੍ਹੇਆਮ ਉਕਸਾਇਆ ਹੈ'' (REB); ''ਉਨ੍ਹਾਂ ਨੇ ਕਾਰੀਗਰਾਂ ਦੇ ਸਾਹਮਣੇ ਤੇਰਾ ਕ੍ਰੋਧ ਭੜਕਾਇਆ ਹੈ'' (NKJV)। [6]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਜ਼ਰਾ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 146. [7]ਇਸ ਤਰ੍ਹਾਂ ਦੇ ਹੋਰ ਵਿਚਾਰਾਂ ਲਈ ਵੇਖੋ ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਾਯਾਹ*, ਵਰਡ ਬਿਬਲੀਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸ: ਵਰਡ ਬੁਕਸ, 1985), 225–26. [8]''ਮਲਬਾ'' ਲਈ ਇਬਰਾਨੀ ਸ਼ਬਦ (*'apar*, *ਆਪਾਰ*) ਦਾ ਮੂਲ ਅਰਥ ''ਸੁੱਕੀ ਮਿੱਟੀ'' ਜਾਂ ''ਕੂੜਾ'' ਹੈ ਪਰ ਕੁਝ ਸੰਦਰਭਾਂ ਵਿਚ ਬਰਬਾਦ ਹੋਏ ਸ਼ਹਿਰਾਂ ਦੀ ''ਮਿੱਟੀ'' ਲਈ ਹੈ (ਹਿਜ਼ਕੀਏਲ 26:4, 12)। [9]*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ*, ਸੰਪਾ. ਲਿਏਂਡਰ ਈ. ਕੇਕ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1999), 3:773 ਵਿਚ ਰਾਲਫ ਡਬਲਯੂ. ਕਲੇਨ, ''ਦ ਬੁਕ ਆਫ਼ ਅਜ਼ਰਾ ਐਂਡ ਨਹਮਯਾਹ।'' [10]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ,* ਦ ਐਂਕਰ ਬਾਈਬਲ, ਅੰਕ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 126.

[11]ਵਿਲੀਅਮਸਨ, 221–22, 226. [12]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 106. [13]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ 4, *1 ਰਾਜਿਆਂ–ਅੱਯੂਬ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 705 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ– ਨਹਮਯਾਹ।'' [14]ਜੋਸੇਫ਼ਸ *ਐਂਟਿਕੁਇਟੀਜ਼* 11.5.8. [15]ਐਲਨ, 107. [16]ਹੋਰ ਜਾਣਕਾਰੀ ਲਈ, ਵੇਖੋ ਵਿਲੀਅਮਸਨ, 223–24. [17]ਯਾਮੋਚੀ, 591 ਤੋਂ ਲਿਆ ਗਿਆ।

[18]ਜੌਨ ਫਿਲਪੋਰਟ (1750–1817) ਜੁਲਾਈ 10, 1790 ਵਿਚ ਆਪਣੇ ''ਸਪੀਚ ਅਪਾਨ ਦ ਰਾਈਟ ਇਲੈਕਸ਼ਨ'' ਵਿਚ ਕਿਹਾ, ''ਜਿਸ ਸ਼ਰਤ ਉੱਤੇ ਖ਼ੁਦਾ ਨੇ ਮਨੁੱਖ ਨੂੰ ਅਜ਼ਾਦੀ ਦਿੱਤੀ ਹੈ ਉਹ ਅਨਾਦੀ ਚੌਕਸੀ ਹੈ'' (ਜੌਨ ਬਾਰਟਲੇਟਸ, ਫੈਮਿਲਿਅਰ ਕੁਅਸ਼ਚੰਸ, 16ਵਾਂ ਸੰਸਕ. ਸੰਪਾ., ਜਸਟਿਨ ਕੈਪਲਨ [ਬੋਸਟਨ: ਲਿਟਲ, ਬ੍ਰਾਊਨ ਐਂਡ ਕੰ., 1992], 351)।